# ਸਮਗਲਰਾਂ ਦੇ ਸਿਰਤਾਜ
# ਹਾਜੀ ਸੁਲਤਾਨ
ਜਾਂ
## ਸਮਾਜ ਦੇ ਥੰਮ੍ਹ

ਹਰਚਰਨ ਸਿੰਘ

ਬਲਰਾਜ ਸਾਹਨੀ ਯਾਦਗਾਰੀ ਘਰੇਲੂ ਪੁਸਤਕਸ਼ਾਲਾ
ਕਟੜਾ ਸ਼ੇਰ ਸਿੰਘ, ਅੰਮ੍ਰਿਤਸਰ

# ਹਾਜ਼ੀ ਸੁਲਤਾਨ
ਜਾਂ
ਸਮਾਜ ਦੇ ਥੰਮ੍ਹ

ਸਭ ਹੱਕ ਰਾਖਵੇਂ ਹਨ

HAJI SULTAN—Drama
By
Dr. Harcharan Singh
Punjabi University, Patiala.

ਪਹਿਲੀ ਵਾਰ—ਮਈ 1975

ਛਾਪਕ : ਜਸਪਾਲ ਪ੍ਰਿੰਟਿੰਗ ਪ੍ਰੈਸ
ਕਟੜਾ ਘਨੱਈਆਂ, ਅੰਮ੍ਰਿਤਸਰ

ਪਬਲਿਸ਼ਰ : ਬਲਰਾਜ ਸਾਹਨੀ ਯਾਦਗਾਰੀ ਘਰੇਲੂ ਪੁਸਤਕਸ਼ਾਲਾ
ਕਟੜਾ ਸ਼ੇਰ ਸਿੰਘ, ਅੰਮ੍ਰਿਤਸਰ

ਮੁੱਲ : ਪੇਪਰ ਬੈਕ — 2.00 ਡੀਲਕਸ — 5.50

ਸਮਗਲਰਾਂ ਦੇ ਸਿਰਤਾਜ

# ਹਾਜੀ ਸੁਲਤਾਨ

ਜਾਂ

## ਸਮਾਜ ਦੇ ਥੰਮ੍ਹ

ਹਰਚਰਨ ਸਿੰਘ

ਬਲਰਾਜ ਸਾਹਨੀ ਯਾਦਗਾਰੀ ਘਰੇਲੂ ਪੁਸਤਕਸ਼ਾਲਾ
ਕਟੜਾ ਸ਼ੇਰ ਸਿੰਘ, ਅੰਮ੍ਰਿਤਸਰ

### ਹਰਚਰਨ ਸਿੰਘ ਦੇ ਪ੍ਰਸਿੱਧ ਨਾਟਕ

1. ਚਮਕੌਰ ਦੀ ਗੜ੍ਹੀ
2. ਸੋਭਾ ਸ਼ਕਤੀ
3. ਰੱਤਾ ਸਾਲੂ
4. ਕਲ, ਅਜ ਤੇ ਭਲਕ
5. ਅਨਜੋੜ
6. ਮੁੜ੍ਹਕੇ ਦੀ ਖੁਸ਼ਬੋ
7. ਜ਼ਫ਼ਰਨਾਮਾ ਤੇ ਹੋਰ ਇਕਾਂਗੀ

**ਪਿਆਰੇ ਸਨਦੀਪ ਨੂੰ**

ਉਸ ਦੇ ਪਹਿਲੇ ਜਨਮ ਦਿਨ ਤੇ

# ਨਾਟਕ ਨੂੰ ਭੂਮਿਕਾ ਦੀ ਲੋੜ ਨਹੀਂ

ਇਨਸਾਨ ਆਖਰ ਕਿਉਂ ਜੁਰਮ ਕਰਦਾ ਹੈ। ਕਿਆ ਉਹ ਪੇਟ ਦੀ ਖਾਤਰ ਗਲਤ ਰਸਤਾ ਅਖਤਿਆਰ ਕਰਦਾ ਹੈ ਜਾਂ ਸਮਾਜ ਉਸ ਨੂੰ ਗੁਨਾਹ ਕਰਨ ਲਈ ਮਜਬੂਰ ਕਰਦਾ ਹੈ। ਮੈਨੂੰ ਇਸ ਰਸਤੇ ਵਲ ਧਕੇਲਣ ਦਾ ਕੌਣ ਜ਼ਿਮੇਂਵਾਰ ਹੈ ? ਕੋਈ ਦਸ ਸਕਦਾ ?

ਇਸ ਸ਼ਹਿਰ ਦਾ ਕਿਹੜਾ ਨੇਤਾ ਹੈ ਜਿਸ ਨੇ ਰਾਤ ਵਕਤ ਮੇਰੇ ਅੱਗੇ ਹੱਥ ਨਹੀਂ ਅੱਡੇ ਔਰ ਮੱਥੇ ਨਹੀਂ ਰਗੜੇ। ਰਾਤ ਨੂੰ ਭਿਖਾਰੀ, ਦਿਨੇ ਜਨਤਾ ਦੇ ਅੰਨ ਦਾਤਾ। ਹੂੰ ! ਪਖੰਡੀ।

ਜ਼ਨਾਬ, ਗਰੀਬ ਫਿਤਰਤਨ ਸ਼ਰੀਫ਼ ਔਰ ਦਿਆਨਤਦਾਰ ਹੁੰਦਾ ਹੈ। ਅਮੀਰ ਅਯਾਸ਼ੀ ਕਾਰਨ ਉਸ ਦਾ ਖ਼ੂਨ ਪੀਂਦਾ ਹੈ। ਇਨਕਲਾਬ ਆ ਕੇ ਰਹੇਗਾ।

ਸਿਪਾਹੀ ਦੀ ਅੰਮਾਂ ਨਾਲ ਹੋਈ ਜ਼ਬਰਦਸਤੀ ਦੇਖ ਕੇ ਮੇਰੇ ਅੰਦਰ ਇਨਸਾਨ ਜਾਗ ਪਿਆ। ਮੈਂ ਘੜੀ ਵਿਚ ਬੱਚੇ ਤੋਂ ਬੰਦਾ ਬਣ ਗਿਆ। ਤਲਖ਼ ਤਜਰਬੇ ਇਨਸਾਨ ਨੂੰ ਸਬਕ ਸਿਖਾਉਂਦੇ ਨੇ।

ਕਮਲੀਏ, ਅਜ ਪੈਸੇ ਤੋਂ ਬਿਨਾਂ ਇਨਸਾਨ ਦੀ ਕੋਈ ਕੀਮਤ ਨਹੀਂ। ਲਿਆਕਤ ਨੂੰ ਕੋਈ ਨਹੀਂ ਪੁੱਛਦਾ, ਦੁਨੀਆਂ ਪੈਸੇ ਵਾਲਿਆਂ ਦੀ ਹੈ। ਗਰੀਬ ਬੰਦੇ ਦੀ ਕੋਈ ਨਹੀਂ ਸੁਣਦਾ। ਇਸ ਭਰਿਸ਼ਟ ਤੋਂ ਬਦਲਾ ਲੈਣ ਦਾ ਇਕੋ ਇਕ ਰਾਹ ਹੈ।

ਹਾਜੀ ਸਾਹਿਬ, ਤੁਹਾਨੂੰ ਵੀ ਪਤਾ, ਮਾਇਆ ਪਾਪਾਂ ਤੋਂ ਬਿਨਾਂ 'ਕੱਠੀ ਨਹੀਂ ਹੁੰਦੀ, ਭਾਰਤ ਦੀ ਅੱਜ ਅੱਧੀ ਦੌਲਤ ਭਰਿਸ਼ਟਾਚਾਰ ਰਾਹੀਂ ਜਮ੍ਹਾਂ ਹੋਈ ਹੋਈ ਹੈ। ਉਪਰ ਤੋਂ ਹੇਠ ਤਕ ਸਭ ਕਰਦੇ ਨੇ। ਮੈਂ ਕੋਈ ਅਲਹਿਦਾ ਕੰਮ ਨਹੀਂ ਕਰ ਰਿਹਾ।

## ਪਾਤਰ

ਹਾਜੀ ਸੁਲਤਾਨ
ਪਹਿਰੇਦਾਰ
ਦੀਵਾਨਾ
ਪ੍ਰੈਸ ਰੀਪੋਰਟਰ
ਦਰੋਗਾ
ਬੁੱਢੀ ਮਾਂ
ਸਿਪਾਹੀ
ਸੇਠ
ਸਿਪਾਹੀ
ਦੋ ਮੁੰਡੇ
ਨੂਰ ਬਾਈ
ਇਕ ਬਾਬੂ
ਸਿਪਾਹੀ
ਸੈਕਟਰੀ
ਸਵਾਲੀ (ਮੌਲਾਨਾ,ਵਨਕਟ ਰਾਓ ਤੇ ਇੰਸਪੈਕਟਰ)
ਮਿਸਿਜ਼ ਤੇ ਮਿਸਟਰ ਧਰਮਿੰਦਰ
ਮਿਸਿਜ਼ ਤੇ ਮਿਸਟਰ ਸਨੰਜ
ਰਮਜ਼ਾਨ
ਸੇਠ
ਨੇਤਾ ਜੀ
ਵਜ਼ੀਰ ਸਾਹਿਬ
ਅਫ਼ਸਰ

ਸਥਾਨ : ਬੰਬਈ

ਸੰਨ : 1974

ਸਮਾਂ : ਸੂਰਜ ਡੁੱਬਣ ਤੋਂ ਬਾਅਦ

ਦ੍ਰਿਸ਼ : ਜੇਲ੍ਹ ਦੀ ਇਕ ਕੋਠੜੀ, ਸੀਖਾਂ ਪਿਛੇ ਚਾਲੀ ਕੁ ਸਾਲਾਂ ਦਾ, ਸੌਲੇ ਰੰਗ, ਉਚੇ ਕਦ ਅਤੇ ਪਤਲੇ ਸਰੀਰ ਵਾਲਾ ਬੰਦਾ ਡੂੰਘੀ ਉਦਾਸੀ ਵਿਚ ਖੜਾ ਦਿਖਾਈ ਦਿੰਦਾ ਹੈ। ਉਹ ਇਕ ਤਾੜ ਅਸਮਾਨ ਵਲ ਤਕ ਰਿਹਾ ਹੈ।

ਬਾਹਰ ਪਹਿਰੇਦਾਰ ਮੋਢੇ ਬੰਦੂਕ ਰੱਖੀ ਤੇਜ਼ੀ ਨਾਲ ਅੱਗੇ ਪਿੱਛੇ ਘੁੰਮ ਰਿਹਾ ਹੈ। ਉਸ ਦੀਆਂ ਹਰਕਤਾਂ ਅਜੀਬ ਅਤੇ ਅਸਧਾਰਣ ਹਨ।

ਪਹਿਰੇਦਾਰ : (ਆਪਣੇ ਆਪ) ਸੁਣਿਐ, ਇਹ ਹਾਜੀ ਕ੍ਰੋੜਾਂ-ਪਤੀ ਐ, ਗਰੀਬਾਂ ਦਾ ਬਾਹਲਾ ਹੀ ਖੈਰ ਖਾਹ ਹੈ। ਦੇਖਣ ਨੂੰ ਤਾਂ ਅਸਲੋਂ ਸਾਧਾਰਣ ਬੰਦਾ ਲਗਦਾ। ਖੌਰੇ ਮੇਰੀ ਕਿਸਮਤ ਨੂੰ ਇਸ ਜੇਲ੍ਹ ਵਿਚ ਆ ਗਿਆ। ਮੇਰੇ ਸਾਰੇ ਦਲਿੱਦਰ ਟੁਟ ਜਾਣ ਜੇਕਰ......(ਕਿਸੇ ਦੇ ਉੱਚੀ ਉੱਚੀ ਹੱਸਣ ਦੀ ਆਵਾਜ਼ ਸੁਣ ਕੇ) ਇਹ ਕੌਣ ਬੇਹੂਦਾ ਹਸ ਰਿਹਾ ? ਕੀ ਉਹਨੇ ਮੇਰੀਆਂ ਗੱਲਾਂ ਸੁਣ ਲਈਆਂ ? ਮੈਂ ਵੀ ਤਾਂ ਪਾਗਲ ਆਂ, ਆਪ ਮੁਹਾਰੇ ਬੋਲੀ ਜਾਂਦਾ ਪਹਿਰ ਭਰ ਦਾ। (ਵਿੜਕ ਸੁਣ ਕੇ) ਸ਼ੈਦ ਕੋਈ ਆ ਰਿਹਾ ! (ਸਾਵਧਾਨ ਹੁੰਦਾ ਹੋਇਆ) ਸਾਡੀ ਸਰਕਾਰ ਨੇ ਸਮਗਲਰਾਂ ਦਾ ਬੀ ਨਾਸ ਕਰਨ ਦਾ ਤਹੱਈਆ ਕੀਤਾ ਹੋਇਆ। ਇਹ ਸਮਾਜ ਦੇ ਦੁਸ਼ਮਨ ਦਿਨ ਰਾਤ ਕਾਲਾ ਧੰਦਾ ਕਰਦੇ ਐ, ਨਜੈਜ਼ ਢੰਗ ਨਾਲ ਪੈਸਾ ਜਮਾਂ ਕਰਦੇ.....

ਆਵਾਜ਼ : ਸੱਜਨ ਜੀ, ਇਹ ਗੁਨਾਹ ਹੈ ਕਿ ਦੇਸ਼ ਧਰੋਹ ?

ਪਹਿਰੇਦਾਰ : ਇਹ ਤਾਂ ਮੈਂ ਸੋਚਿਆ ਈ ਨਹੀਂ ।

ਆਵਾਜ਼ : ਤੂੰ ਸੋਚ ਹੀ ਨਹੀਂ ਸਕਦਾ ।

ਪਹਿਰੇਦਾਰ : ਕਿਉਂ ਨਹੀਂ ਸੋਚ ਸਕਦਾ, ਮੈਂ ਕੋਈ ਪਾਗਲ ਹਾਂ ।

ਆਵਾਜ਼ : ਕਿਉਂਕਿ ਅਕਲ ਦੀ ਜਗ੍ਹਾ ਤੇਰੀ ਖੋਪਰੀ ਵਿਚ ਲੋਭ ਦਾ ਕੀੜਾ ਵੜਿਆ ਹੋਇਐ ।

ਪਹਿਰੇਦਾਰ : ਤੂੰ ਕੌਣ ਹੈਂ ਮੈਨੂੰ ਕੋਸਣ ਵਾਲਾ ?

ਆਵਾਜ਼ : ਤੇਰਾ ਸ਼ੁਭ ਚਿੰਤਕ ਦੀਵਾਨਾ ਪੰਜਾਬੀ ।

ਪਹਿਰੇਦਾਰ : ਹਤ ਤੇਰੇ ਦੀ ! ਮੇਰੀ ਜਾਨ ਈ ਕੱਢ ਦਿੱਤੀ ਸੀ । ਏਸ ਦੀਵਾਨੇ ਦੇ ਬੱਚੇ ਨੇ ਮੈਨੂੰ ਬੇ-ਹੱਦ ਠਿਠ ਕੀਤਾ ਹੋਇਆ । ਹਰ ਵੇਲੇ ਠੱਠਾ ਮਖੌਲ, ਕਮਬਖਤ ਕਿਸੇ ਤੋਂ ਨਹੀਂ ਡਰਦਾ ।

ਦੀਵਾਨਾ : ਡਰੇ ਉਹ ਜਿਹਨੇ ਕੋਈ ਪਾਪ ਕੀਤਾ ਹੋਵੇ ।

ਪਹਿਰੇਦਾਰ : ਫੇਰ ਤੂੰ ਇਥੇ ਤੀਰਥ ਯਾਤਰਾ ਕਰਨ ਆਇਆਂ ?

ਦੀਵਾਨਾ : ਮੈਂ ਮਨਸੂਰ ਵਾਂਗ ਸਚ ਬੋਲਣ ਦੀ ਸਜ਼ਾ ਭੁਗਤ ਰਿਹਾਂ ।

ਪਹਿਰੇਦਾਰ : ਕਿੰਨਾ ਮੂੰਹ ਫਟ ਹੈ ।

ਦੀਵਾਨਾ : ਮੂੰਹ ਆਈ ਬਾਤ ਨਾ ਰਹਿੰਦੀ ਏ
ਝੂਠ ਆਖਾਂ ਤਾਂ ਕੁਝ ਬਚਦਾ ਏ
ਸਚ ਆਖਿਆਂ ਭਾਂਬੜ ਮਚਦਾ ਏ
ਜੀ ਦੋਹਾਂ ਗੱਲਾਂ ਤੋਂ ਜਚਦਾ ਏ
ਜਚ ਜਚ ਕੇ ਜੀਭਾ ਕਹਿੰਦੀ ਏ
ਮੂੰਹ ਆਈ ਬਾਤ ਨਾ ਰਹਿੰਦੀ ਏ ।

ਪਹਿਰੇਦਾਰ : ਇਹਨੂੰ ਪਿਛਲੀ ਕੋਠੜੀ ਅੰਦਰ ਡੱਕਾਂ ਤਾਂ ਗਲ ਬਣੂ ।

ਦੀਵਾਨਾ : ਤੂੰ ਭਾਵੇਂ ਧਰਤੀ ਹੇਠ ਕਰ ਦੇ, ਸਚ ਦੀ ਆਵਾਜ਼ ਫੇਰ ਵੀ ਗੂੰਜੇਗੀ । ਜੇਲ੍ਹ ਦੀਆਂ ਕੰਧਾਂ ਰੂਹ ਨੂੰ ਕੈਦ ਨਹੀਂ ਕਰ ਸਕਦੀਆਂ । ਬੁਲ੍ਹੇ ਸ਼ਾਹ ਖੂਬ ਕਿਹਾ ਏ ।
ਹਮ ਬੇਕੈਦ ਮਨ ਬੇਕੈਦ
ਨਾ ਰੋਗੀ ਨ ਬੈਦ



ਨਾ ਮੈਂ ਮੋਮਨ ਨਾ ਮੈਂ ਕਾਫ਼ਰ
ਨਾ ਮੁੱਲਾਂ ਨਾ ਸੈਦ
ਬੁਲ੍ਹਾ ਸ਼ੌਹ ਦੀ ਜ਼ਾਤ ਕੀ ਪੁਛਨੈਂ
ਨਾ ਪੈਦਾ ਨਾ ਪੈਦ ।

ਪਹਿਰੇਦਾਰ : ਬਕੀ ਜਾਏ ਮੇਰਾ ਕੀ ਲੈਂਦਾ ।

ਬੁੜਬੁੜਾਂਦਾ ਹੋਇਆ ਉਸ ਤੋਂ ਦੂਰ ਜਾ ਕੇ ਹਾਜੀ ਬੰਨੀ ਝਾਕਦਾ ਹੈ ।

ਹਾਜੀ : (ਆਪਣੇ ਆਪ) ਜੇਲ੍ਹ ਵੀ ਅਲਿਹਿਦਾ ਹੀ ਦੁਨੀਆ ਹੈ । ਤਰ੍ਹਾਂ ਤਰ੍ਹਾਂ ਦੇ ਇਖਲਾਕੀ ਕੈਦੀ, ਵਖੋ ਵਖ ਜੁਰਮਾਂ ਵਿਚ ਫਸੇ ਹੋਏ । ਇਨਸਾਨ ਆਖਰ ਕਿਉਂ ਜੁਰੇਮ ਕਰਦਾ ਹੈ ? ਕਿਆ ਉਹ ਪੇਟ ਖਾਤਰ ਗਲਤ ਰਸਤਾ ਅਖਤਿਆਰ ਕਰਦਾ ਜਾਂ ਚੌਗਿਰਦਾ ਉਸ ਨੂੰ ਗੁਨਾਹ ਕਰਨ ਲਈ ਮਜਬੂਰ ਕਰਦਾ ਹੈ । ਮੈਨੂੰ ਏਸ ਰਸਤੇ ਵਲ ਧਕੇਲਣ ਦਾ ਕੌਣ ਜ਼ੁਮੇਵਾਰ ਹੈ ? ਕੌਣ ਦਸ ਸਕਦਾ ?

ਪਹਿਰੇਦਾਰ ਉਸ ਦੀਆਂ ਗੱਲਾਂ ਸੁਣ ਕੇ ਠਠੰਬਰ ਜਾਂਦਾ ਹੈ ।

ਉਫ ! ਇਹ ਕਮਬਖਤ ਫੇਰ ਆ ਗਿਆ । ਅਜ ਇਸ ਨੂੰ ਕਿਆ ਕਸਰ ਹੈ । ਪਾਗਲਾਂ ਦੀ ਤਰ੍ਹਾਂ ਹਰਕਤਾਂ ਕਰ ਰਿਹਾ ।

ਪਹਿਰੇਦਾਰ : (ਆਪਣੇ ਆਪ) ਸੁਣਿਐ, ਇਹਨੇ ਕਈ ਯਤੀਮਖਾਨੇ, ਕਈ ਵਿਧਵਾ ਆਸ਼ਰਮ ਖੋਲ੍ਹ ਰਖੇ ਐ । ਹੇ ਬੰਸੀ ਵਾਲੇ, ਜੇ ਇਹਦੀ ਮੇਰੇ ਤੇ ਨਜ਼ਰ ਸਵੱਲੀ ਹੋ ਜਾਏ, ਪ੍ਰਸ਼ਾਦ ਚੜ੍ਹਾਵਾਂਗਾ ।

ਹਾਜੀ : ਪਹਿਰੇਦਾਰਾ, ਤੂੰ ਕਿਆ ਕਹਿਣਾ ਚਾਹੁੰਦਾ ?

ਪਹਿਰੇਦਾਰ : ਹਾਜੀ ਸਾਹਬ, ਸਲਾਮ ਕਹਿੰਨਾ ।

ਹਾਜੀ : ਵਾ ਲੈਕਮ ਸਲਾਮ ।

ਪਹਿਰੇਦਾਰ : ਮੈਂ ਸੁਣਿਐ, ਤੁਸੀਂ ਹਾਤਮਤਾਈ ਦਾ ਅਵਤਾਰ ਧਾਰ ਕੇ ਆਏ ਓ ।

ਹਾਜੀ : ਤੂੰ ਗਲਤ ਸੁਣਿਆ, ਮੈਂ ਤਾਂ ਯਤੀਮ ਪੈਦਾ ਹੋਇਆ ਸੀ ।

ਪਹਿਰੇਦਾਰ : (ਬਿਨਾ ਸੁਣੇ) : ਸੁਣਿਐ, ਤੁਸੀਂ ਗ਼ਰੀਬਾਂ ਦੇ ਬਹੁਤ ਖੈਰ ਖਾਹ ਓ ।

ਹਾਜੀ : ਪਹਿਰੇਦਾਰਾ, ਇਸ ਵਕਤ ਤਾਂ ਮੈਂ ਇੰਦਾਂ ਮਹਿਸੂਸ ਕਰਦਾਂ, ਜਿੱਦਾਂ ਹੁਣੇ ਮਾਂ ਦੇ ਪੇਟ ਤੋਂ ਨਿਤਾਣਾ ਖਾਲੀ ਹੱਥ ਪੈਦਾ ਹੋਇਆ ਹੁੰਦਾਂ।

ਪਹਿਰੇਦਾਰ : ਇਹ ਤਾਂ ਚੰਦ ਦਿਨਾਂ ਦੀ ਖੇਡ ਹੈ। ਕਰੋੜਪਤੀਆਂ ਨੂੰ ਕੌਣ ਜੰਮਿਆਂ ਕੈਦ ਕਰਨ ਵਾਲਾ।

ਹਾਜੀ : ਮੁਸੀਬਤ ਵੇਲੇ ਦੋਸਤ ਵੀ ਕੰਨੀ ਕਤਰਾ ਜਾਂਦੇ ਨੇ। ਅਜ ਕੋਈ ਵੀ ਨਹੀਂ ਬਹੁੜਿਆ। ਬੀਵੀ ਵੀ ਮੁਲਾਕਾਤ ਲਈ ਨਹੀਂ ਪਹੁੰਚੀ।

ਪਹਿਰੇਦਾਰ : ਅਜ ਖਾਸ ਗਲ ਹੈ।

ਹਾਜੀ : ਕਿਆ ਖਾਸ ਗਲ ਹੈ ?

ਪਹਿਰੇਦਾਰ : ਜਿੱਦਣ ਦੀ ਤੁਸੀਂ ਧਮਕੀ ਦਿੱਤੀ ਐ।

ਹਾਜੀ : ਕਿਹੜੀ ਧਮਕੀ ?

ਪਹਿਰੇਦਾਰ : ਏਹੋ ਬੜੇ ਲੋਕਾਂ ਦਾ ਪੋਲ ਖੋਲ੍ਹਣ ਦੀ, ਬਸ ਭਾਜੜਾਂ ਪਈਆਂ ਸਰਕਾਰੇ ਦਰਬਾਰੇ। ਦਾਗੀ ਲੋਕ ਆਪਣੀ ਇੱਜ਼ਤ ਖਾਤਰ ਤੁਹਾਨੂੰ ਰਿਹਾ ਕਰਾਣਗੇ।

ਹਾਜੀ : ਪਹਿਰੇਦਾਰਾ, ਕਿੰਨੇ ਬੱਚੇ ਨੇ ਤੇਰੇ ?

ਪਹਿਰੇਦਾਰ : ਜੀ, ਕੁਲ ਸਤ।

ਹਾਜੀ : ਇਸ ਮਹਿੰਗਾਈ ਦੇ ਜ਼ਮਾਨੇ ਵਿਚ ਫਕਤ ਸਤ ਬੱਚੇ !

ਪਹਿਰੇਦਾਰ : ਜੀ, ਪ੍ਰਮਾਤਮਾ ਦੀ ਮਿਹਰ ਹੈ !

ਹਾਜੀ : ਤਨਖਾਹ ਕਿਤਨੀ ਹੈ ?

ਪਹਿਰੇਦਾਰ : ਜੀ, 232 ਰੁਪਏ 15 ਪੈਸੇ।

ਹਾਜੀ : ਬਸ, ਹੋਰ ਕੋਈ ਆਮਦਨ ?

ਪਹਿਰੇਦਾਰ : ਚਾਲੀ ਪੰਜਾਹ ਮੁਲਾਕਾਤੀਆਂ ਵਲੋਂ ਬਖਸ਼ੀਸ਼ ਦੇ ਹੋ ਜਾਂਦੇ ਐ।

ਹਾਜੀ : ਇੰਨੀ ਥੋੜੀ ਰਕਮ ਨਾਲ ਕਿੱਦਾਂ ਗੁਜ਼ਾਰਾ ਕਰਦੈਂ ?

ਪਹਿਰੇਦਾਰ : ਇਕ ਟੁੱਟੀ ਫੁੱਟੀ ਖੋਲੀ ਵਿਚ ਦਿਨ ਕਟੀ ਕਰਦਾਂ।

ਹਾਜੀ : ਜੇਲ੍ਹ ਅੰਦਰ ਕੁਆਟਰ ਨਹੀਂ ਮਿਲਿਆ ?

ਪਹਿਰੇਦਾਰ : ਜੀ ਨਹੀਂ, ਥੋਹੜਾ ਚਿਰ ਹੋਇਆ ਭਰਤੀ ਹੋਏ ਨੂੰ।

ਹਾਜੀ : ਪਹਿਲਾਂ ਕਿਆ ਕਰਦਾ ਸੀ ?

ਪਹਿਰੇਦਾਰ : ਜੀ, ਕੁਲੀ ਦਾ ਕੰਮ, ਫੇਰ ਜੇਲ੍ਹਰ ਦੇ ਭਾਂਡੇ ਮਾਂਜੇ।



ਹਾਜੀ : ਪਹਿਰੇਦਾਰਾ, ਮੈਂ ਵੀ ਤੇਰੇ ਵਾਂਗ ਇਕ ਟੁੱਟੀ ਫੁੱਟੀ ਖੋਲੀ ਵਿਚ ਜੰਮਿਆਂ ਪਲਿਆਂ। ਮੈਨੂੰ ਤੇਰੇ ਨਾਲ ਮੁਹੱਬਤ ਹੋ ਗਈ ਹੈ। ਦਸ ਤੈਨੂੰ ਕਿਤਨੇ ਰੁਪਏ ਚਾਹੀਦੇ ਨੇ ?

ਪਹਿਰੇਦਾਰ : ਮਿਹਰਬਾਨ, ਪੰਜ ਸਤ ਸੌ ਦੇ ਦਿਉ।

ਹਾਜੀ : (ਹੱਸਦਾ ਹੋਇਆ) ਬੱਸ !

ਪਹਿਰੇਦਾਰ : ਪਰ ਹਾਜੀ ਸਾਹਬ, ਤੁਸੀਂ ਤਾਂ ਖਾਲੀ ਹੱਥ ਓ।

ਹਾਜੀ : ਪਹਿਰੇਦਾਰਾ, ਐਂਜ ਵੀ ਮੈਂ ਜੇਬਾਂ ਵਿਚ ਨੋਟ ਨਹੀਂ ਰੱਖਦਾ। ਸਾਡਾ ਸਾਰਾ ਹਿਸਾਬ ਕਿਤਾਬ ਮੂੰਹ ਜ਼ਬਾਨੀ ਚਲਦਾ। ਤੈਨੂੰ ਸਾਡੀ ਬਾਦਸ਼ਾਹੀ ਦੇ ਕਾਨੂੰਨਾਂ ਦੀ ਕਿਆ ਖ਼ਬਰ। ਸਾਡੇ ਧੰਦੇ ਵਿਚ ਕੋਈ ਹੇਰਾ ਫੇਰੀ ਨਹੀਂ, ਕੋਈ ਬੇਈਮਾਨੀ ਨਹੀਂ, ਕਰੋੜਾਂ ਦਾ ਬਿਜ਼ਨੈਸ ਮੂੰਹ ਜ਼ਬਾਨੀ ਹੁੰਦਾ। ਫੜਾ ਕਾਗਜ਼ ਪੈਨਸਲ।

ਪਹਿਰੇਦਾਰ : (ਖੀਸੇ ਵਿਚੋਂ ਕੱਢ ਕੇ) ਆਹ ਲਓ ਜੀ।

ਹਾਜੀ : (ਕੁਝ ਝਰੀਟ ਕੇ) ਲੈ ਫੜ, ਕੱਲ੍ਹ ਇਹ ਚਿਟ ਵਰਲੀ ਸਟੇਸ਼ਨ ਨਜ਼ਦੀਕ ਫਰੈਂਡਜ਼ ਹੋਟਲ ਦੇ ਮਾਲਕ ਨੂੰ ਦਿਖਾ ਕੇ ਦਸ ਹਜ਼ਾਰ ਲੈ ਆਵੀਂ, ਸੁਣਿਐ ?

ਪਹਿਰੇਦਾਰ : ਹੈ ! ਦਸ ਹਜ਼ਾਰ !!

(ਅੱਖਾਂ ਅੱਡੀ ਘੜੀ ਮੁੜੀ ਪਰਚੀ ਵੱਲ ਵੇਖਦਾ ਹੈ।)

ਹਾਜੀ : ਖੁਸ਼ੀ ਨਾਲ ਪਾਗਲ ਨਾ ਹੋ ਜਾਈਂ। ਜਾਹ ਦਰੋਗੇ ਨੂੰ ਬੁਲਾ ਕੇ ਲਿਆ।

ਪਹਿਰੇਦਾਰ : ਹੁਣੇ ਜਾਨਾਂ ਹਾਂ ਜੀ। (ਰੁਕ ਕੇ) ਪਰ ਜਨਾਬ ਤੁਹਾਨੂੰ ਥੋੜ੍ਹਾ ਚਿਰ ਹੋਰ ਠਹਿਰਨਾ ਪਵੇਗਾ।

ਹਾਜੀ : ਕਿਉਂ ?

ਪਹਿਰੇਦਾਰ : ਕੋਈ ਨੇਤਾ ਜੇਲ੍ਹ ਦੇਖਣ ਆ ਰਿਹਾ।

ਹਾਜੀ : ਤਾਂ ਹੀ ਮੁਲਾਕਾਤੀਆਂ ਨੂੰ ਰੋਕਿਆ ਹੋਇਐ ?

ਪਹਿਰੇਦਾਰ : ਸ਼ੋਦ ! ਦਰ ਅਸਲ ਹਾਜੀ ਸਾਹਬ, ਬਾਹਰ ਜਨਤਾ ਨੇ ਬਹੁਤ ਰੌਲਾ ਗੋਲਾ ਮਚਾਇਆ ਹੋਇਐ।

ਹਾਜੀ : ਕਿਸ ਬਾਤ ਦਾ ?

ਪਹਿਰੇਦਾਰ : ਬੱਸ ਇਹੋ ਕਿ ਜੇਲ੍ਹ ਵਾਲੇ ਹਾਜੀ ਸਾਹਿਬ ਦਾ ਖਾਸ ਲਿਹਾਜ਼ ਕਰਦੇ ਐ, ਸਖ਼ਤੀ ਨਹੀਂ ਕਰਦੇ ।

ਹਾਜੀ : ਇਨ੍ਹਾਂ ਲੀਡਰਾਂ ਨੂੰ ਆਪਣੀਆਂ ਕਰਤੂਤਾਂ ਭੁਲ ਗਈਆਂ । ਗ਼ੁੱਸੇ ਨਾਲ) ਮੱਕਾਰ ! ਬੇਈਮਾਨ !!

(ਪਹਿਰੇਦਾਰ ਝਟ ਪਟ ਮੋਢੇ ਬੰਦੂਕ ਰੱਖ ਕੇ ਜੋਸ਼ ਨਾਲ ਲੈਫਟ-ਰਾਈਟ ਕਰਨ ਲੱਗ ਜਾਂਦਾ ।)

ਦਰੋਗਾ : (ਝੁਕ ਕੇ ਸਲਾਮ ਕਰਕੇ) ਹਾਜੀ ਸਾਹਬ, ਅੱਜ ਕੁਛ ਪਰੇਸ਼ਾਨ ਮਲੂਮ ਹੁੰਦੇ ਓ ।

ਹਾਜੀ : ਨਹੀਂ, ਪਰੇਸ਼ਾਨੀ ਕਿਸ ਬਾਤ ਦੀ । ਤੁਹਾਡੀ ਮਿਹਰਬਾਨੀ ਨਾਲ ਇਥੇ ਸਭ ਕੁਛ ਮਿਲ ਰਿਹਾ । ਬਲਕਿ ਦੌੜ ਧੂਪ ਤੋਂ ਚੰਦ ਦਿਨ ਆਰਾਮ ਮਿਲਿਆ ਹੋਇਆ । ਦਰੋਗਾ ਸਾਹਿਬ, ਖਾਣਾ ਤਾਂ ਦਰਕਿਨਾਰ, ਸ਼ਾਮ ਦੀ ਚਾਹ ਵੀ ਨਹੀਂ ਪਹੁੰਚੀ ਅੱਜ ।

ਦਰੋਗਾ : ਥੋੜ੍ਹੀ ਦੇਰ ਹੋਰ ਇੰਤਜ਼ਾਰ ਕਰਨੀ ਪਵੇਗੀ, ਕੋਈ ਲੀਡਰ ਜੇਲ੍ਹ ਦੇਖਣ ਆ ਰਿਹਾ ।

ਹਾਜੀ : ਕਿਆ ਨਾਮ ਹੈ ਉਸ ਦਾ ?

ਦਰੋਗਾ : ਜਨਾਬ, ਨਾਮ ਦਾ ਪਤਾ ਨਹੀਂ ਲੱਗ ਸਕਿਆ । ਜੇਲਰ ਸਾਹਿਬ ਨੂੰ ਫ਼ੋਨ ਆਇਆ ਸੀ । ਹਾਜੀ ਸਾਹਿਬ, ਸਾਡੀ ਅੱਜ ਕੱਲ੍ਹ ਸ਼ਾਮਤ ਆਈ ਹੋਈ ਹੈ । ਲੋਕਾਂ ਨੇ ਸ਼ੋਰਗੁਲ ਮਚਾਇਆ ਹੋਇਆ । ਅਖ਼ਬਾਰਾਂ ਵਿਚ ਤਰ੍ਹਾਂ ਤਰ੍ਹਾਂ ਦੀਆਂ ਖ਼ਬਰਾਂ ਸ਼ਾਇਆ ਹੋ ਰਹੀਆਂ ।

ਹਾਜੀ : ਅਖ਼ਬਾਰ ਵੀ ਤਾਂ ਬੜੇ ਬੜੇ ਸਰਮਾਏਦਾਰਾਂ ਦੇ ਨੇ । ਜਿਹੜੀ ਗੱਲ ਮਾਲਕਾਂ ਨੂੰ ਪਸੰਦ ਹੈ ਉਹੋ ਹੀ ਛਪਦੀ ਹੈ ।

ਦਰੋਗਾ : ਦਰੁਸਤ ਹੈ ।

ਪਹਿਰੇਦਾਰ : (ਹੌਲੀ) ਸਾਵਧਾਨ, ਨੇਤਾ ਜੀ ਆ ਰਹੇ ਨੇ ।

ਹਾਜੀ : ਇਸ ਸ਼ਹਿਰ ਦਾ ਕਿਹੜਾ ਨੇਤਾ ਹੈ ਜਿਸ ਨੇ ਰਾਤ ਵਕਤ ਮੇਰੇ ਅੱਗੇ ਹੱਥ ਨਹੀਂ ਅੱਡੇ, ਮੱਥੇ ਨਹੀਂ ਰਗੜੇ । ਰਾਤ ਨੂੰ ਭਿਖਾਰੀ, ਦਿਨੇ ਜਨਤਾ ਦੇ ਅੰਨ ਦਾਤਾ । ਹੂੰ ! ਪਖੰਡੀ ਲੋਕ !!

ਦਰੋਗਾ : ਜ਼ਰਾ ਹੌਲੀ, ਸੁਣ ਲੈਣਗੇ ।



ਹਾਜੀ : ਸੁਣਾ ਹੀ ਤਾਂ ਰਿਹਾਂ, ਮੈਂ ਨਹੀਂ ਡਰਦਾ ਕਿਸੇ ਤੋਂ ।

ਪਹਿਰੇਦਾਰ ਸਲੂਟ ਮਾਰਦਾ ਹੈ । ਦਰੋਗਾ ਝੁਕ ਕੇ ਸਲਾਮ ਕਰਦਾ ਹੈ । ਇਕ ਸਫੈਦ ਪੋਸ਼ ਬੰਦਾ ਸਾਹਮਣੇ ਆਉਂਦਾ ਹੈ । ਉਹ ਬਹੁਤ ਸਾਰੇ ਸਾਮਾਨ ਨਾਲ ਲੈਸ ਹੈ ।

ਬੰਦਾ : ਅੱਛਾ, ਇਹ ਨੇ ਮਸ਼ਹੂਰੋ ਮਹਿਰੂਫ ਹਸਤੀ ਹਾਜੀ ਮਿਰਜ਼ਾ ਸੁਲਤਾਨ ।

ਦਰੋਗਾ : ਜੀ ਹਾਂ, ਇਹ ਨੇ ਸਮਗਲਰਾਂ ਦੇ ਸਿਰਤਾਜ ।

ਬੰਦਾ : ਹਾਜੀ ਸਾਹਿਬ, ਸਲਾਮ ਕਬੂਲ ਕਰੋ ।

ਹਾਜੀ : (ਗੰਭੀਰਤਾ ਨਾਲ ਮੁਸਲਮਾਨੀ ਤਰੀਕੇ ਨਾਲ) ਆਦਾਬ ।

ਬੰਦਾ : ਹਾਜੀ ਸਾਹਿਬ, ਨਾਰਾਜ਼ ਹੋ ਕਿਆ ?

ਹਾਜੀ : (ਬੇਪਰਵਾਹੀ ਨਾਲ) ਨਹੀਂ !

ਬੰਦਾ : ਫੇਰ ਇਹ ਫਰਮਾਓ ਜੇਲ੍ਹ ਅੰਦਰ ਕਿਸ ਤਰ੍ਹਾਂ ਮਹਿਸੂਸ ਕਰਦੇ ਹੋ ?

ਹਾਜੀ : ਜਨਾਬ, ਮੇਰੇ ਵਾਸਤੇ ਕੋਈ ਨਵੀਂ ਜਗ੍ਹਾ ਨਹੀਂ । (ਮੁਸਕਰਾ ਕੇ) ਮੈਨੂੰ ਤਾਂ ਇਹ ਸੁਸਰਾਲ ਦੇ ਘਰ ਦੀ ਤਰ੍ਹਾਂ ਲੱਗਦਾ । ਨਾਲੇ ਮੈਂ ਇਸ ਨਾਲੋਂ ਕਿਤੇ ਜ਼ਿਆਦਾ ਬੁਰੇ ਦਿਨ ਦੇਖੇ ਹੋਏ ਨੇ ।

ਬੰਦਾ : ਖ਼ੂਬ ! ਕੀ ਤੁਸੀਂ ਕੋਈ ਬਿਆਨ ਦੇਣਾ ਪਸੰਦ ਕਰੋਗੇ ?

ਹਾਜੀ : ਕਿਆ ਮੈਂ ਪੁੱਛਣ ਦੀ ਗੁਸਤਾਖੀ ਕਰ ਸਕਦਾਂ ਕਿ ਤੁਸੀਂ ਕੌਣ ਹੋ ?

ਬੰਦਾ : ਮੈਂ ਇਕ ਪ੍ਰੈਸ ਰਿਪੋਰਟਰ ਹਾਂ ।

ਹਾਜੀ : ਹੂੰ, ਸਮਝ ਗਿਆ । (ਰੁਕ ਕੇ) ਰਿਪੋਰਟਰ ਸਾਹਿਬ, ਬਿਆਨ ਦੇਣ ਦਾ ਕੋਈ ਫਾਇਦਾ ਨਹੀਂ ।

ਰਿਪੋਰਟਰ : ਕਿਉਂ ਨਹੀਂ ?

ਹਾਜੀ : ਤੁਸੀਂ ਆਪਣੇ ਮਾਲਕਾਂ ਨੂੰ ਖ਼ੁਸ਼ ਕਰਨ ਲਈ ਬਿਆਨ ਮਰੋੜ ਤਰੋੜ ਕੇ ਛਾਪੋਗੇ ।

ਰਿਪੋਰਟਰ : ਹਾਜੀ ਸਾਹਿਬ, ਮੈਂ ਫਰੀ ਲਾਂਸਰ ਹਾਂ । ਕਿਸੇ ਦਾ ਗੁਲਾਮ ਨਹੀਂ । ਨਾ ਮੈਂ ਜ਼ਮੀਰ ਵੇਚੀ ਹੋਈ ਹੈ । ਇਸੇ ਕਰਕੇ ਅਜੇ ਤਕ ਜ਼ਿੰਦਗੀ ਦੀ ਚੱਕੀ ਵਿਚ ਪਿਸ ਰਿਹਾਂ ।

ਹਾਜੀ : (ਹਮਦਰਦੀ ਨਾਲ) ਤੁਹਾਡਾ ਚਿਹਰਾ ਹੀ ਦਸ ਰਿਹਾ ।

ਰਿਪੋਟਰ : ਯਕੀਨ ਕਰੋ ਤੁਹਾਡੇ ਖਿਆਲਾਤ ਮੈਂ ਹੂਬਹੂ ਛਾਪਿਆ ਕਰਵਾਵਾਂਗਾ । ਜਾਗੀ ਹੋਈ ਜਨਤਾ ਅੱਜ ਅਸਲੀਅਤ ਜਾਨਣ ਦੀ ਖਾਹਸ਼ਮੰਦ ਹੈ ।

ਹਾਜੀ : ਫੇਰ ਪੁੱਛੋ, ਕਿਆ ਜਾਨਣਾ ਚਾਹੁੰਦੇ ਹੋ ?

ਰਿਪੋਰਟਰ : ਮੈਂ ਪਹਿਲਾਂ ਤੁਹਾਡੇ ਬਚਪਨ ਤੋਂ ਗ੍ਰਿਫਤਾਰ ਹੋਣ ਤਕ ਦਾ ਹਾਲ ਰਿਕਾਰਡ ਕਰਨਾ ਚਾਹੁੰਦਾਂ । ਲੋਕੀਂ ਇਹ ਭੇਦ ਜਾਨਣ ਲਈ ਬੇਹਦ ਕਾਹਲੇ ਨੇ ....

ਹਾਜੀ : (ਗੱਲ ਟੋਕ ਕੇ) ਕਿਹੜਾ ਭੇਦ ?

ਰਿਪੋਰਟਰ : ਇਹੋ ਕਿ ਤੁਸੀਂ ਕਾਲੇ ਧੰਦੇ ਵਿਚ ਕਿਸ ਤਰ੍ਹਾਂ ਫਸੇ ?

ਹਾਜੀ : ਰਿਪੋਰਟਰ ਸਾਹਿਬ, ਕਿਉਂ ਨਸ਼ਰ ਕਰਨ ਲੱਗੇ ਹੋ, ਢੱਕੀ ਰਿਝਣ ਦਿਉ ।

ਰਿਪੋਟਰ : ਹਾਜੀ ਸਾਹਿਬ, ਤੁਸੀਂ ਬਹੁਤ ਦਲੇਰ ਸੁਣੀਦੇ ਹੋ । ਅਸਲੀਅਤ ਨੂੰ ਛੁਪਾਉਣ ਦਾ ਕਿਆ ਫਾਇਦਾ ! ਅਖਬਾਰਾਂ ਵਿਚ ਰੋਜ਼ ਅਜੀਬੋ ਗਰੀਬ ਖਬਰਾਂ ਛਪਦੀਆਂ ।

ਹਾਜੀ : ਮੇਰੇ ਬਿਆਨ ਨਾਲ ਬੜੇ ਬੜੇ ਲੀਡਰ, ਅਮੀਰ ਵਜ਼ੀਰ, ਆਹਲਾ ਅਫਸਰ, ਧਨੀ ਸੇਠ ਸਭ ਨੰਗੇ ਹੋ ਜਾਣਗੇ ।

ਰਿਪੋਰਟਰ : ਹੋਣ ਦਿਉ, ਕੋਈ ਪਰਵਾਹ ਨਾ ਕਰੋ । ਜਨਤਾ ਆਕੀ ਹੋਈ ਬੈਠੀ ਹੈ । ਭਾਰਤ ਅੱਜ ਜਵਾਲਾਮੁਖੀ ਦੇ ਮੂੰਹ ਅੱਗੇ ਆਇਆ ਲਗਦਾ । ਤੁਸੀਂ ਬਲਕਿ ਅਸਲੀਅਤ ਤੋਂ ਪਰਦਾ ਚੁਕ ਕੇ ਮੁਲਕ ਦੀ ਖਿਦਮਤ ਕਰੋ, ਲੋਕਾਂ ਦਾ ਜਸ ਖੱਟੋ ।

ਹਾਜੀ : ਕਿਥੋਂ ਸ਼ੁਰੂ ਕਰਾਂ ?

ਰਿਪੋਰਟਰ : ਮੈਂ ਅਰਜ਼ ਕੀਤੀ ਹੈ ਬਚਪਨ ਤੋਂ ।

ਹਾਜੀ : ਚੰਗਾ ਫੇਰ ਗ਼ੌਰ ਨਾਲ ਸੁਣੋ

ਬੱਤੀਆਂ ਬੁਝ ਜਾਂਦੀਆਂ ਹਨ । ਫੇਰ ਜਗਦੀਆਂ ਹਨ ਤਾਂ ਸਪਾਟ ਲਾਈਟ ਇਕ ਖਸਤਾ ਹਾਲਤ ਖੋਲੀ ਉਤੇ ਪੈਂਦੀ ਹੈ । ਇਕ ਟੁੱਟੀ ਜਿਹੀ ਮੰਜੀ ਉਤੇ ਤਪਦਿਕ ਦੀ ਮਰੀਜ਼ ਇਕ ਬੁੱਢੀ ਬੈਠੀ ਖੰਘਦੀ ਹੈ ।

ਬੁੱਢੀ : ਵੇ ਤਾਨੂ, ਤੇਰਾ ਭਰਾ ਨਹੀਂ ਆਇਆ ਅਜੇ ?



ਸੁਲਤਾਨ : ਨਹੀਂ ਅੰਮਾ ।

ਬੁੱਢੀ : ਧੇਲਾ ਧੇਲੀ ਲਿਆਵੇ ਤਾਂ ਭੋਰਾ ਆਟਾ ਕੋਟਾ ਮੰਗਾਵਾਂ, ਫੇਰ ਤੇਰੇ ਲਈ ਦੋ ਮੰਨੀਆਂ ਪਕਾ ਦਿਆਂ । ਹਾਏ ! ਮਾਂ ਮਰ ਜਾਏ ! ਤੂੰ ਸਵੇਰ ਦਾ ਭੁੱਖਾ ਭਾਣਾ ਬੈਠਾਂ !

ਸੁਲਤਾਨ : ਅੰਮਾ, ਫਿਕਰ ਨਾ ਕਰ, ਮੈਨੂੰ ਭੁਖ ਲਗ ਕੇ ਮਰ ਗਈ ਹੈ ।

ਬੁੱਢੀ : ਹਾਏ ਮੈਨੂੰ ! ਤੂੰ ਅੱਜ ਖੇਲਣ ਕਿਉਂ ਨਹੀਂ ਗਿਆ ?

ਸੁਲਤਾਨ : ਅੰਮਾ, ਫਿਕਰ ਨਾ ਕਰ, ਮੈਨੂੰ ਭੁਖ ਲਗ ਕੇ ਮਰ ਗਈ ਹੈ ।

ਬੁੱਢੀ : ਹਾਏ ਮੈਨੂੰ ! ਤੂੰ ਅੱਜ ਖੇਲਣ ਕਿਉਂ ਨਹੀਂ ਗਿਆ ?

ਸੁਲਤਾਨ : ਅੰਮਾ, ਤੇਰੀ ਹਾਲਤ ਦੇਖ ਕੇ ਮੈਨੂੰ ਕੁਛ ਚੰਗਾ ਨਹੀਂ ਲਗਦਾ ।

ਬੁੱਢੀ : ਜੇ ਮੈਂ ਮਰ ਗਈ ਤਾਂ ਤੇਰਾ ਕਿਆ ਹਾਲ ਹੋਊਗਾ ।

ਸੁਲਤਾਨ : ਅੰਮਾ, ਅੱਲਾ ਦਾ ਨਾਂ ਲੈ, ਚੰਦਰਾ ਬੋਲ ਨਾ ਕੱਢ ਮੂੰਹੋਂ ।

ਬੁੱਢੀ : ਆ ਮੇਰੇ ਕੋਲ । (ਪਲੋਸਦੀ ਹੋਈ) ਤੂੰ ਕਿੰਨੀਆਂ ਸਿਆਣੀਆਂ ਗੱਲਾਂ ਕਰਦਾਂ । ਤੇਰੇ ਭਰਾ ਨੂੰ ਤਾਂ ਮੇਰਾ ਭੋਰਾਂ ਫਿਕਰ ਨਹੀਂ ।

ਸੁਲਤਾਨ : (ਅੱਖਾਂ ਭਰ ਕੇ) ਅੰਮਾ, ਤੈਥੋਂ ਬਿਨਾ ਮੇਰਾ ਇਸ ਧਰਤੀ ਉਤੇ ਕੋਈ ਨਹੀਂ ।

ਬੁੱਢੀ : ਮਾਂ ਸਦਕੇ, ਮੇਰਾ ਦੂਲਾ ਪੁੱਤ ਅੱਖਾਂ ਕਿਉਂ ਭਰੇ !

ਸੁਲਤਾਨ : ਅੰਮਾ, ਮੈਂ ਖਰਾਇਤੀ ਹਸਪਤਾਲ ਤੋਂ ਤੇਰੇ ਲਈ ਦੁਆ ਲਿਆਵਾਂ ?

ਬੁੱਢੀ : ਪੁੱਤਾ, ਗਰੀਬਾਂ ਨੂੰ ਕੋਣ ਦੁਆਈਆਂ ਦੇਂਦਾ । ਗਰੀਬਾਂ ਦੀ ਕੋਈ ਪੁਛ ਪਰਤੀਤ ਨਹੀਂ । ਅਸੀਂ ਲੋਕ ਤਾਂ ਨਾ ਜੀਂਦਿਆਂ ਵਿਚ ਨਾ ਮੋਇਆਂ ਵਿਚ । ਬਸ, ਕੀੜੇ ਮਕੌੜਿਆਂ ਵਾਂਗ ਪੈਰਾਂ ਹੇਠ ਲਿਤਾੜੇ ਜਾਨੇ ਆਂ । ਕਦੀ ਪਟੜੀਆਂ ਤੇ ਸੁੱਤੇ ਸੌਂ ਜਾਂਦੇ ਆਂ ।

ਸੁਲਤਾਨ : ਅੰਮਾ, ਇਕ ਗੱਲ ਪੁੱਛਾਂ ?

ਬੁੱਢੀ : ਸੌ ਵਾਰੀ ਪੁੱਛ ।

ਸੁਲਤਾਨ : ਅੰਮਾ, ਅੱਬਾ ਤੈਨੂੰ ਇਸ ਹਾਲਤ 'ਚ ਛੱਡ ਕੇ ਕਿਥੇ ਚਲਾ ਗਿਆ ?

ਬੁੱਢੀ : ਪੁੱਤਾ, ਇਹ ਗੱਲ ਨਾ ਪੁਛਦਾ ਤਾਂ ਚੰਗਾ......

ਉਸ ਨੂੰ ਖੰਘ ਛਿੜਦੀ ਹੈ ਅਤੇ ਉੱਥੂ ਆ ਜਾਂਦਾ ਹੈ ।

ਸੁਲਤਾਨ : ਅੰਮਾ, ਬੇਸ਼ਕ ਨਾ ਦੱਸ, ਤੈਨੂੰ ਦੱਸਣ 'ਚ ਤਕਲੀਫ ਹੁੰਦੀ ਐ, ਮੈਂ

ਸਮਝ ਗਿਆ ! ਅੱਬਾ ਜ਼ਰੂਰ ਬੁਰਾ ਬੰਦਾ ਹੋਊਗਾ, ਜਿਹੜਾ ਤੈਨੂੰ ਇਸ ਹਾਲਤ ' ਛੱਡ ਕੇ ਚਲਾ ਗਿਆ ।

ਬੁੱਢੀ : ਇਕ ਬੇਆਸਰਾ ਔਰਤ ਦੀ ਇਸ ਜਹਾਨ 'ਚ ਕੋਈ ਇਜ਼ਤ ਨਹੀਂ, ਕੋਈ ਟਿਕਾਣਾ ਨਹੀਂ । (ਭਰੇ ਹੋਏ ਗਲੇ ਨਾਲ) ਪੁੱਤਾ, ਤੇਰਾ ਅੱਬਾ ਕੋਈ ਨਹੀਂ ।

ਸੁਲਤਾਨ : ਅੰਮਾ ! ਇਹ ਤੂੰ ਕਿਆ ਕਹਿ ਰਹੀ ਹੈਂ !!

ਬੁੱਢੀ : ਪੁੱਤਾ, ਇਹ ਕੋੜਾ ਸੱਚ ਐ । ਤੂੰ ਮੇਰਾ ,ਦਿਲ ਛੇੜ ਦਿੱਤਾ ਮੱਲੋਜੋਰੀ ਮੂੰਹੋਂ ਗੱਲ ਨਿਕਲ ਗਈ । ਮੈਂ ਬੇਕਸੂਰ ਆਂ, ਬੇਟਾ, ਮੈਂ ਬੇਹਦ ਧੱਕੇ ਖਾ ਕੇ ਤੈਨੂੰ ਪਾਲਿਆ ।

ਸੁਲਤਾਨ : (ਰੋਂਦਾ ਹੋਇਆ) ਅੰਮਾ, ਤੂੰ ਬੇਕਸੂਰ ਐਂ, ਬਸ ਚੁਪ ਕਰ ।

ਬੁੱਢੀ : ਪੁੱਤਾ, ਇਹ ਭੇਤ ਮੈਂ ਤੇਰੇ ਵੱਡੇ ਭਰਾ ਨੂੰ ਨਹੀਂ ਦੱਸਿਆ । ਬਹੁਤ ਗੁਸੈਲ ਐ, ਸਾਨੂੰ ਛੱਡ ਕੇ ਚਲਾ ਜਾਊਗਾ, ਫੇਰ ਅਸੀਂ ਕੀ ਕਰਾਂਗੇ !

ਸੁਲਤਾਨ : ਸ਼ੈਦ ਅੰਮਾ, ਉਹਨੂੰ ਕਿਸੇ ਨੇ ਦੱਸ ਦਿਤਾ, ਤਾਂਹੀਉਂ ਤੇਰੇ ਨਾਲ ਖਰਵਾ ਬੋਲਦਾ ।

ਬੁੱਢੀ : ਇਸ ਗੱਲ ਨੇ ਹੀ ਮੈਨੂੰ ਚੰਦਰਾ ਰੋਗ ਲਾਇਆ ।

ਸੁਲਤਾਨ : ਫਿਕਰ ਨਾ ਕਰ, ਅੰਮਾ, ਮੈਂ ਸਮਾਜ ਤੋਂ ਬਦਲਾ ਲਵਾਂਗਾ ਜਿਹਨੇ ਤੇਰੇ ਨਾਲ ਇਹ ਮਜ਼ਾਕ ਕੀਤਾ ਹੈ, ਜਿਹਨੇ ਤੈਨੂੰ ਇਸ ਦੁਰਦਸ਼ਾ ਤਕ ਪੁਚਾਇਆ ।

ਬੁੱਢੀ : ਪੁੱਤਾ, ਤੂੰ ਕੋਈ ਬੁਰਾ ਕੰਮ ਨ ਕਰੀਂ । ਅੱਲਾ ਅੱਗੇ ਮੇਰੀ ਦਿਨ ਰਾਤ ਇਹੋ ਦੁਆ ਹੈ, ਮੇਰਾ ਪੁਤ ਨੇਕ ਇਨਸਾਨ ਬਣੇ ।

ਸੁਲਤਾਨ : ਫਿਕਰ ਨਾ ਕਰ ਅੰਮਾ, ਮੈਂ ਕੋਈ ਬੁਰਾ ਕੰਮ ਨਹੀਂ ਕਰਾਂਗਾ । ਟੋਕਰੀ ਢੋਵਾਂਗਾ, ਮਜ਼ਦੂਰੀ ਕਰਾਂਗਾ; ਮੱਕੇ ਹੱਜ ਨੂੰ ਜਾਵਾਂਗਾ, ਤੇਰੀ ਸਿਹਤ ਲਈ ਦੁਆ ਕਰਾਂਗਾ ।

ਬੁੱਢੀ : ਸ਼ੁਕਰ ਹੈ ਅੱਲਾ ਪਾਕ ਦਾ, ਤੂੰ ਮੇਰੀ ਅੱਧੀ ਬੀਮਾਰੀ ਦੂਰ ਕਰ ਦਿੱਤੀ । ਤੈਨੂੰ ਕਿਸੇ ਆਹਰੇ ਲੱਗਾ ਦੇਖ ਮੇਰੇ ਸਾਹ ਸੁਖਾਲੇ ਨਿਕਲ ਜਾਣਗੇ ।

ਇਕ ਹੱਟਾ ਕੱਟਾ ਸਿਪਾਹੀ ਆਉਂਦਾ ਹੈ । ਬੁੱਢੀ ਉਸ ਨੂੰ ਦੇਖ ਕੇ ਕੰਬ ਜਾਂਦੀ ਹੈ ।



ਸਿਪਾਹੀ : ਬੁੱਢੀਏ, ਤੂੰ ਪਿਛਲੇ ਮਹੀਨੇ ਦੀ ਵੀ ਅਦਾਇਗੀ ਨਹੀਂ ਕੀਤੀ । ਕੱਢ ਦਸ ਰੁਪਏ ਝਟਾ ਪਟ ।

ਬੁੱਢੀ : ਹੌਲਦਾਰ ਜੀ, ਮੇਰੇ ਪਾਸ ਤਾਂ ਫੁੱਟੀ ਕੌਡੀ ਵੀ ਨਹੀਂ, ਫਜਰ ਤੋਂ ਦੋਵੇਂ ਮਾਂ ਪੁੱਤ੍ਰ ਭੁੱਖਣ ਭਾਣੇ ਬੈਠੇ ਆਂ ।

ਸਿਪਾਹੀ : ਮੈਂ ਕਈ ਦਿਨਾਂ ਤੋਂ ਤੇਰਾ ਲਿਹਾਜ ਕਰ ਰਿਹਾਂ (ਮੁਸਕਰਾ ਕੇ) ਤੇਰੀ ਜਵਾਨੀ ਨੂੰ ਯਾਦ ਕਰਕੇ ।

ਬੁੱਢੀ : ਹੌਲਦਾਰਾ, ਗਰੀਬਣੀ ਨੂੰ ਕਿਉਂ ਸਤਾਉਂਦਾ ਏਂ ।

ਸਿਪਾਹੀ : ਜੇ ਪੈਸੇ ਨਾ ਦਿੱਤੇ ਤਾਂ ਤੇਰੀ ਖੋਲੀ ਢੁਆ ਦਿਆਂਗਾ ।

ਬੁੱਢੀ : ਹੌਲਦਾਰਾ, ਇਹ ਜੁਲਮ ਨਾ ਕਰੀਂ । ਸਾਡਾ ਹੋਰ ਕੋਈ ਟਿਕਾਣਾ ਨਹੀਂ । ਬੜਾ ਲੜਕਾ ਪੈਸਾ ਧੇਲੀ ਲਿਆਉਂਦਾ ਤਾਂ ਕਿਤੇ ਟੁਕੜਾ ਨਸੀਬ ਹੁੰਦਾ ।

ਸਿਪਾਹੀ : (ਡੰਡਾ ਮੰਜੀ ਤੇ ਮਾਰਕੇ) ਹਰਾਮਜ਼ਾਦੀ, ਝੂਠ ਬਕਦੀ ਹੈ । ਫੇਰ ਪੇਸ਼ਾ ਕਿਉਂ ਬੰਦ ਕਰ ਦਿੱਤਾ, ਚੰਗਾ ਗੁਜ਼ਾਰਾ ਹੁੰਦਾ ਸੀ । (ਸੋਟੀ ਦੀ ਹੁੱਝ ਮਾਰ ਕੇ) ਏਸ ਹਰਾਮੀ ਨੂੰ ਭੇਜ ਕਿਸੇ ਦੀ ਜੇਬ ਕੱਟ ਕੇ ਲਿਆਏ, ਬਾਂਦਰ ਨੂੰ ਕਿਉਂ ਮੋਢੇ ਮੁੱਢ ਬਿਠਾਇਆ ਹੋਇਆ ।

ਬੁੱਢੀ : ਹੌਲਦਾਰਾ, ਬਾਲ ਤੇ ਕਿਉਂ ਗੁੱਸਾ ਕੱਢਦਾਂ !

ਸਿਪਾਹੀ : ਚਲ ਅੰਦਰ ਹਿਸਾਬ ਚੁਕਦਾ ਕਰੀਏ ।

ਬੁੱਢੀ : ਹੌਲਦਾਰਾ, ਮੈਂ ਸਖ਼ਤ ਬੀਮਾਰ ਹਾਂ, ਮੇਰਾ ਮੁੰਡਾ...

ਸਿਪਾਹੀ : ਬੀਮਾਰੀ ਦੀ ਬੱਚੀ, ਪਖੰਡ ਕਰਦੀ ਐ । (ਸੁਲਤਾਨ ਦੇ ਸੋਟੀ ਮਾਰਕੇ) ਦੌੜ ਜਾ ਕੁੱਤੇ, ਚੋਰੀ ਕਰ ਜਾਂ ਕਿਸੇ ਦਾ ਖੀਸਾ ਕੱਟ, ਖੜਾ ਕੀ ਝਾਕਦਾ ਮੇਰੇ ਮੂੰਹ ਵੱਲ ।

ਸਿਪਾਹੀ ਬੁੱਢੀ ਨੂੰ ਧੂਹ ਕੇ ਅੰਦਰ ਲੈ ਜਾਂਦਾ ਹੈ । ਸੁਲਤਾਨ ਲਕੜ ਦੀ ਥੰਮੀ ਨਾਲ ਲੱਗ ਕੇ ਉੱਚੀ ਉੱਚੀ ਰੋਂਦਾ ਹੈ ।

... ... ...

ਬੱਤੀਆਂ ਜਗਦੀਆਂ ਹਨ । ਰੋਸ਼ਨੀ ਦੇ ਘੇਰੇ ਵਿਚ

ਹਾਜੀ ਸੁਲਤਾਨ ਭਰੀਆਂ ਅੱਖਾਂ ਸਮੇਤ ਖੜਾ ਦਿਖਾਈ ਦਿੰਦਾ ਹੈ।

ਹਾਜੀ : ਰਿਪੋਰਟਰ ਸਾਹਿਬ ਇਹ ਮੈਨੂੰ ਜਿੰਦਗੀ ਦਾ ਪਹਿਲਾ ਠੁੱਡਾ ਸੀ।

ਪ੍ਰੈਸ ਰਿਪੋਰਟਰ ਵੀ ਬਹੁਤ ਗੰਭੀਰ ਹੈ।

ਰਿਪੋਰਟਰ : ਹਾਜੀ ਸਾਹਿਬ, ਤੁਹਾਡਾ ਬਚਪਨ ਨਹਾਇਤ ਦਰਦਨਾਕ ਹੈ।

ਹਾਜੀ : ਜਨਾਬ, ਕਿਆ ਪੁਛਦੇ ਹੋ, ਉਹ ਵਕਤ ਯਾਦ ਆਉਣ ਨਾਲ ਖੂਨ ਖੌਲਣ ਲੱਗ ਜਾਂਦਾ ਹੈ ਔਰ ਜਦੋਂ ਮੈਨੂੰ ਆਪਣੀ ਅੰਮਾਂ ਦਾ ਪੀਲਾ ਮੁਰਝਾਇਆ ਹੋਇਆ ਚਿਹਰਾ ਯਾਦ ਆਉਂਦਾ ਹੈ। ਇਸੇ ਵਾਸਤੇ ਜਦੋਂ ਮੈਂ ਕਿਸੇ ਗਰੀਬ ਲਾਚਾਰ ਨੂੰ ਦੇਖਦਾ ਹਾਂ ਤਾਂ ਫੌਰਨ ਮੇਰਾ ਦਿਲ ਪੰਘਰ ਜਾਂਦਾ ਹੈ। ਰਿਪੋਰਟਰ ਸਾਹਿਬ, ਗਰੀਬੀ ਲਾਹਨਤ ਹੈ, ਸਭ ਜੁਰਮਾਂ ਦੀ ਮਾਂ।

ਰਿਪੋਰਟਰ : ਬਿਲਕੁਲ ਦਰੁਸਤ ਫਰਮਾਉਂਦੇ ਹੋ ਹਾਜੀ ਸਾਹਿਬ !

ਹਾਜੀ : ਜਨਾਬ, ਹਿੰਦੁਸਤਾਨ ਵਿਚ ਕ੍ਰੋੜਾਂ ਇਨਸਾਨ ਐਸੇ ਨੇ ਜਿਨ੍ਹਾਂ ਨੂੰ ਇਕ ਵਕਤ ਦਾ ਖਾਣਾ ਨਸੀਬ ਨਹੀਂ ਹੁੰਦਾ।

ਰਿਪੋਰਟਰ : ਬਿਲਕੁਲ ਠੀਕ, ਅੱਧੇ ਨਾਲੋਂ ਜ਼ਿਆਦਾ ਲੋਕ ਪਾਵਰਟੀ ਲਾਈਨ ਤੋਂ ਨੀਚੇ ਜੀਉਂਦੇ ਨੇ। ਤੁਸੀਂ ਅੱਜ ਕੱਲ੍ਹ ਬਿਹਾਰ ਉੜੀਸਾ ਵਲ ਨਹੀਂ ਗਏ। ਪੂੜੀ ਛੋਲੇ ਖਾ ਕੇ ਸੁੱਟੀ ਪੱਤਲ ਨੂੰ ਚਟਣ ਲਈ ਕਈ ਖੜੇ ਉਡੀਕਦੇ ਹੁੰਦੇ ਨੇ। ਬੁਰੀ ਹਾਲਤ ਹੈ।

ਹਾਜੀ : ਇਨ੍ਹਾਂ 27 ਸਾਲਾਂ ਵਿਚ ਸਰਕਾਰ ਤੋਂ ਗਰੀਬੀ ਦੂਰ ਨਹੀਂ ਹੋਈ।

ਰਿਪੋਰਟਰ : ਗਰੀਬ ਵਿਚਾਰੇ ਆਪਣੇ ਆਪ ਖ਼ਤਮ ਹੁੰਦੇ ਜਾ ਰਹੇ ਨੇ।

ਹਾਜੀ : ਕੋਈ ਚਾਰਾ ਨਾ ਦੇਖ, ਭੁੱਖਾ ਬੰਦਾ ਗੁਨਾਹ ਕਰਨ ਤੇ ਮਜਬੂਰ ਹੋ ਜਾਂਦਾ ਹੈ।

ਰਿਪੋਰਟਰ : ਦਰੁਸਤ ਹੈ, ਰੋਟੀ ਕਪੜੇ ਔਰ ਮਕਾਨ ਦਾ ਹਲ ਅੱਧੇ ਪਾਪ ਘਟਾ ਸਕਦਾ ਹੈ।

ਹਾਜੀ : ਮੇਰਾ ਤਜਰਬਾ ਹੈ ਕਿ ਗਰੀਬ ਫਿਤਰਤਨ ਸ਼ਰੀਫ ਔਰ ਦਿਆਨਤਦਾਰ ਹੁੰਦਾ ਹੈ। ਅਮੀਰ ਇਆਸ਼ੀ ਖਾਤਰ ਭਰਿਸ਼ਟਾਚਾਰ ਕਰਦੇ ਨੇ ਔਰ ਮੌਜੂਦਾ ਬਗ਼ਾਵਤ ਦੇ ਜ਼ੁੰਮੇਵਾਰ ਨੇ।



ਰਿਪੋਰਟਰ : ਹਾਜੀ ਸਾਹਿਬ, ਤੁਹਾਡੀ ਜ਼ਿੰਦਗੀ ਦਾ ਦੂਸਰਾ ਕਾਂਡ ਸੁਣਨ ਦਾ ਖਾਹਸ਼ਮੰਦ ਹਾਂ।

ਹਾਜੀ : ਠੀਕ ਹੈ, ਸੁਣੋ : ਸਿਪਾਹੀ ਦੀ ਅੰਮਾਂ ਨਾਲ ਕੀਤੀ ਜ਼ਬਰਦਸਤੀ ਦੇਖ ਕੇ ਮੇਰੇ ਅੰਦਰ ਇਨਸਾਨ ਜਾਗ ਪਿਆ। ਮੈਂ ਘੜੀ ਵਿਚ ਬੱਚੇ ਤੋਂ ਬੰਦਾ ਬਣ ਗਿਆ। ਤਜ਼ਰਬੇ ਇਨਸਾਨ ਨੂੰ ਸਬਕ ਸਿਖਾਉਂਦੇ ਨੇ।

ਰਿਪੋਰਟਰ : ਫਿਰ ਹਾਜੀ ਸਾਹਿਬ ?

ਹਾਜੀ : ਮੈਂ ਮੰਦਾ ਚੰਗਾ ਕੰਮ ਕਰਨ ਦਾ ਪੁਖਤਾ ਇਰਾਦਾ ਬਣਾ ਲਿਆ। ਕੰਮ ਦੀ ਤਲਾਸ਼ ਵਿਚ ਖੋਲੀ ਵਿਚੋਂ ਨਿਕਲ ਤੁਰਿਆ।

ਰਿਪੋਰਟਰ : ਫੇਰ ਕੰਮ ਮਿਲਿਆ ?

ਹਾਜੀ : ਹਾਂ, ਕਈ ਦਿਨਾਂ ਦੀ ਖੱਜਲ ਖੁਆਰੀ ਤੋਂ ਬਾਅਦ।

ਰਿਪੋਰਟਰ : ਪਹਿਲਾ ਕੰਮ ਕਿਹੜਾ ਕੀਤਾ ?

ਹਾਜੀ : ਇਕ ਦੋਸਤ ਦੇ ਚਾਚੇ ਦੀ ਮਦਦ ਨਾਲ ਬੰਦਰਗਾਹ ਉਤੇ ਕੁਲੀ ਦਾ ਕੰਮ ਮਿਲਿਆ।

ਰਿਪੋਰਟਰ : ਕਿੰਨੇ ਰੁਪਏ ਦਿਹਾੜੀ ਕਮਾਣ ਲੱਗ ਪਏ ?

ਹਾਜੀ : ਰੁਪਏ ਕਿਥੇ ! ਇਹੋ ਅਠ ਦਸ ਆਨੇ ਰੋਜ਼, ਮਗਰ ਇਜ਼ਤ ਨਾਲ ਸੁੱਕੀ ਰੋਟੀ ਮਿਲਣ ਲਗ ਪਈ। ਹੱਥੀਂ ਕਮਾਈ ਕਰਨ ਨਾਲ ਰੂਹ ਸੁੱਚੀ ਹੁੰਦੀ ਹੈ। ਮੈਂ ਬਹੁਤ ਖੁਸ਼ ਹੋਇਆ। ਅੰਮਾਂ ਦੀ ਹਾਲਤ ਵੀ ਕੁਛ ਬਿਹਤਰ ਹੋਈ।

ਬੱਤੀਆਂ ਬੁਝ ਜਾਂਦੀਆਂ ਹਨ। ਪਲ ਕੁ ਪਿਛੋਂ ਫੇਰ ਜਗਦੀਆਂ ਹਨ ਤਾਂ ਸੁਲਤਾਨ ਇਕ ਕੁਲੀ ਦੇ ਭੇਸ ਵਿਚ ਦਿਖਾਈ ਦਿੰਦਾ ਹੈ।

ਕੁਲੀ : ਸੇਠ ਜੀ, ਅਠ ਆਨੇ ਬਹੁਤ ਥੋੜੇ ਹੈਂ, ਬੋਝਾ ਦੇਖੋ ਕਿਤਨਾ ਭਾਰੀ ਹੈ, ਲਕ ਦੋਹਰਾ ਹੋ ਗਿਆ। ਇਸ ਵਿਚ ਖਬਰੇ ਕਿਆ ਸਿੱਕਾ ਭਰਿਆ ਹੋਇਐ।

ਸੇਠ : (ਇਕ ਦਮ ਗੁੱਸੇ ਨਾਲ) ਕਿਆ ਬਕਦਾ ਹੈ ! ਬੋਤੇ ਦਾ ਬੱਚਾ, ਅਪਨੀ ਸ਼ਕਲ ਦੇਖ ਪਹਿਲੇ।

ਕੁਲੀ : ਸੇਠ ਜੀ, ਮਜ਼ੂਰੀ ਮੰਗ ਰਿਹਾਂ, ਖਰਾਇਤ ਨਹੀਂ।

ਸੇਠ : ਕਿਆ ਕਹਾ ?

ਕੁਲੀ : (ਇਕ ਦਮ ਨਰਮੀ ਨਾਲ) ਸੇਠ ਜੀ, ਮੇਰੀ ਮਾਂ ਸਖਤ ਬੀਮਾਰ ਹੈ, ਮੈਨੂੰ ਪੈਸਿਆਂ ਦੀ ਬੇਹਦ ਜ਼ਰੂਰਤ ਹੈ।

ਸੇਠ : ਫੇਰ ਮੈਂ ਕਿਆ ਕਰਾਂ, ਖ਼ਰਾਇਤੀ ਹਸਪਤਾਲ ਖੋਲ੍ਹ ਦਿਆਂ ਤੇਰੇ ਲਈ। ਲੈਣੇ ਅਠ ਆਨੇ ਤਾਂ ਲੈ, ਨਹੀਂ ਦੌੜ ਜਾਹ, ਮੇਰਾ ਵਕਤ ਹਰਜ ਨਾ ਕਰ।

ਕੁਲੀ : ਸੇਠ ਜੀ ਆਪ ਲੱਖਾਂ ਰੁਪਏ ਕਮਾਂਦੇ ਹੋ, ਜੇ ਇਕ ਗਰੀਬ ਕੁਲੀ ਰੋਟੀ ਖਾ ਲਏਗਾ......

ਸੇਠ : ਕਿਆ ਕਹਾ ਓਇ ਉੱਲੂ ! ਹੌਲਦਾਰਾ, (ਅੱਖ ਦੇ ਇਸ਼ਾਰੇ ਨਾਲ) ਆਹ ਛੋਕਰਾ ਮੇਰੀ ਬੇਇਜਤੀ ਕਰ ਰਿਹਾ, ਔਰ ਪੈਸੇ ਵੀ ਜ਼ਿਆਦਾ ਮੰਗ ਰਿਹਾ। ਇਸ ਕੇ ਹੋਸ਼ ਟਿਕਾਣੇ ਲਾਓ (ਸਿਪਾਹੀ ਨੂੰ ਕੁਝ ਫੜਾਉਂਦਾ ਹੋਇਆ) ਆਹ ਫੜੋ ਅਪਨਾ ਬਕਾਇਆ।

ਕੁਲੀ : ਸੇਠ ਜੀ, ਮੇਰੀ ਮਜਦੂਰੀ ਨਹੀਂ ਦੇਂਦੇ, ਉਸ ਨੂੰ ਰਿਸ਼ਵਤ...

ਸਿਪਾਹੀ : (ਕਾੜ ਕਰਦੀ ਚਪੇੜ ਮਾਰ ਕੇ) ਕੁੱਤੇ, ਤੈਨੂੰ ਜਾਨ ਨਹੀਂ ਚਾਹੀਦੀ। ਨਾਚੀਜ਼ ਛੋਕਰੇ, ਐਡੇ ਵੱਡੇ ਸੇਠ ਸਾਹਿਬ ਨਾਲ ਬਦਕਲਾਮੀ ਕਰ ਰਿਹਾਂ। (ਡੰਡਾ ਉਭਾਰ ਕੇ) ਚਲ ਨਿਕਲ ਡੌਕ ਤੋਂ ਬਾਹਰ। ਤੈਨੂੰ ਨਾਬਾਲਗ ਨੂੰ ਅਜਾਜ਼ਿਤ ਕਿਹਨੇ ਦਿੱਤੀ ਹੈ। ਸੇਠ ਸਾਹਿਬ, ਤੁਸੀਂ ਫਿਕਰ ਨਾ ਕਰੋ, ਇਹ ਕੁੱਤਾ ਅੱਗੇ ਵਾਸਤੇ ਥਿਰਕੇਗਾ ਨਹੀਂ। ਕੀ ਮੰਗਦਾ ਸੀ ?

ਸੇਠ : ਭੋਰਾ ਭਾਰ ਦੇ ਅਠ ਆਨੇ ਦੇ ਰਿਹਾਂ।

ਸਿਪਾਹੀ : ਫੜਾਓ ਅਠ ਆਨੇ, ਦੇਰਦਾਂ ਕਿੱਦਾਂ ਨਹੀਂ ਲੈਂਦਾ। ਜਾਓ, ਤੁਸੀਂ ਆਪਣਾ ਕੰਮ ਕਰੋ।

ਸੇਠ ਦੇ ਜਾਣ ਪਿਛੋਂ ਸਿਪਾਹੀ ਅਠ ਆਨੇ ਜੇਬ ਵਿਚ ਪਾ ਲੈਂਦਾ ਹੈ।

ਹਾਜੀ : ਹੌਲਦਾਰ ਜੀ, ਮੈਂ ਰੋਟੀ ਕਿਥੋਂ ਖਾਵਾਂਗਾ।

ਸਿਪਾਹੀ : (ਸਾਂਗ ਲਾ ਕੇ) ਮੈਂ ਰੋਟੀ ਕਿਥੋਂ ਖਾਵਾਂਗਾ, ਜਿਵੇਂ ਭੁਖ ਨਾਲ ਜਾਨ ਨਿਕਲ ਰਹੀ ਹੁੰਦੀ ਹੈ, ਜਿੱਦਾਂ ਸਵੇਰ ਦਾ ਕਮਾਇਆ ਹੀ ਨਹੀਂ।



ਹਾਜੀ : ਤੁਹਾਡੀ ਕਸਮ ਬੋਹਣੀ ਤਕ ਨਹੀਂ ਕੀਤੀ।

ਸਿਪਾਹੀ : ਓਇ ਉੱਲੂ, ਉਲਟੀ ਮੇਰੀ ਕਸਮ ! ਤੇਰਾ ਕੋਈ ਗੁਰੂ ਪੀਰ ਨਹੀਂ। ਮਾਂ ਦੀ ਕਸਮ ਖਾਹ, ਜਿਹੜੀ ਬਿਮਾਰ ਪਈ ਹੈ। ਜੇ ਝੂਠ ਬਕੇਂਗਾ ਉਹਦੀ ਤਾਂ ਖਲਾਸੀ ਹੋਊ।

ਹਾਜੀ : ਅੰਮਾਂ ਦੀ ਕਸਮ ਚੋਥੇ ਦਿਨ ਬਾਅਦ ਜਹਾਜ਼ ਆਇਆ, ਸਵੇਰ ਦਾ ਇਕ ਟਕਾ ਨਹੀਂ ਕਮਾਇਆ।

ਸਿਪਾਹੀ : ਝੂਠ ਬਕਦਾਂ। ਮੈਂ ਵੀ ਅਜ ਸਵੇਰ ਦੇ ਹੱਥ ਸੁੱਚੇ ਨਹੀਂ ਕੀਤੇ। ਖੌਰੇ ਕਿਹੜਾ ਮਨਹੂਸ ਮੱਥੇ ਲੱਗਾ।

ਹਾਜੀ : ਹੌਲਦਾਰ ਜੀ, ਗਰੀਬ ਮਾਰ ਨਾ ਕਰੋ।

ਸਿਪਾਹੀ : ਓਹ ਦੇਖ, ਸੇਠ ਆਲੇ ਦੁਆਲੇ ਦੇਖ ਰਿਹਾ ਬੇਸਬਰੀ ਨਾਲ। ਸ਼ਾਇਦ ਕੁਲੀ ਦੀ ਤਲਾਸ਼ ਵਿਚ ਹੈ।

ਹਾਜੀ : ਉਸ ਦਾ ਮਾਲ ਇਸ ਜਹਾਜ਼ ਵਿਚੋਂ ਨਹੀਂ ਉਤਰਿਆ। ਫਿਕਰਾਂ ਵਿਚ ਡੁੱਬਾ ਹੋਇਐ, ਜਿੱਦਾਂ ਜਾਨ ਨਿਕਲ ਰਹੀ ਹੁੰਦੀ ਹੈ।

ਸਿਪਾਹੀ : ਸੇਠਾਂ ਦੀ ਜਾਨ ਹੀ ਪੈਸੇ ਵਿਚ ਹੁੰਦੀ ਹੈ। ਉਹ ਤੂੰ ਪੁਰਾਣੀ ਬਾਤ ਨਹੀਂ ਸੁਣੀ।

ਹਾਜੀ : ਹੌਲਦਾਰ ਜੀ, ਬਾਤਾਂ ਛੱਡੋ, ਚਲੋ ਮੈਨੂੰ ਪੌਲੀ ਹੀ ਦੇ ਦਿਉ।

ਸਿਪਾਹੀ : ਦੌੜ ਜਾਹ, ਨਹੀਂ ਤਾਂ ਕੰਨੋ ਫੜ ਕੇ ਡੌਕ ਤੋਂ ਬਾਹਰ ਕਢ ਦਿਆਂਗਾ। ਮੈਂ ਲਿਹਾਜ਼ ਕਰ ਰਿਹਾਂ, ਸੂਰ ਦਾ ਪੁੱਤਰ, ਸਵਾਲ ਜਵਾਬ ਕਰਨੋਂ ਨਹੀਂ ਹਟਦਾ।

ਸਿਪਾਹੀ ਚਲਾ ਜਾਂਦਾ ਹੈ। ਸੁਲਤਾਨ ਭਰਿਆ ਪੀਤਾ ਉਸ ਵਲ ਖੜਾ ਦੇਖਦਾ ਹੈ।

... ... ... ... ... ... ... ...

ਬਤੀਆਂ ਬੁਝ ਕੇ ਫੇਰ ਜਗਦੀਆਂ ਹਨ। ਹਾਜੀ ਸੁਲਤਾਨ ਅਤੇ ਰਿਪੋਰਟਰ ਫੇਰ ਗੱਲਾਂ ਕਰਦੇ ਦਿਖਾਈ ਦੇਂਦੇ ਹਨ।

ਹਾਜੀ : ਆਹ ਸੁਣੋ, ਦੀਵਾਨੇ ਦੀ ਇਕ ਹੋਰ ਕਾਢ।

ਦੀਵਾਨਾ : ਅਸਾਂ ਭੇਤ ਸਜਨ ਦੇ ਪਾਏ
ਉਲਟੇ ਹੋਰ ਜ਼ਮਾਨੇ ਆਏ
ਸਚਿਆਂ ਨੂੰ ਹੁਣ ਮਿਲਦੇ ਧੱਕੇ
ਝੂਠੇ ਕੋਲ ਬਹਾਏ ।
ਬੁਲ੍ਹਾ ਜਿਨਹਾ ਹੁਕਮ ਹਜ਼ੂਰੋਂ ਆਂਦਾ
ਤਿਨਹਾ ਨੂੰ ਕੋਣ ਹਟਾਏ ।

ਰਿਪੋਰਟਰ : ਕਿਤਨੀ ਸੱਚੀ ਗੱਲ ਕਹਿ ਰਿਹਾ ।

ਹਾਜੀ : ਇਹ ਵੀ ਹਜ਼ਰਤ ਬੁਲ੍ਹੇ ਸ਼ਾਹ ਦੀ ਕਾਫ਼ੀ ਹੈ ।

ਰਿਪੋਰਟਰ : ਉਹ ਕੋਣ ਹੈ ?

ਹਾਜੀ : ਪੰਜਾਬ ਦਾ ਇਕ ਸੂਫ਼ੀ ਫ਼ਕੀਰ । ਬੋਬੀ ਫਿਲਮ ਵਿਚ ਚੋਂਚਲ ਦਾ ਗਾਣਾ ਨਹੀਂ ਸੀ ਸੁਣਿਆ ?

ਰਿਪੋਰਟਰ : ਹਾਂ ਹਾਂ ਯਾਦ ਆ ਗਿਆ । ਪਹੁੰਚਿਆ ਹੋਇਆ ਫ਼ਕੀਰ ਮਲੂਮ ਹੁੰਦਾ ।

ਹਾਜੀ : ਮਾਰਫਤ ਦੀਆਂ ਰਮਜ਼ਾਂ ਮਾਰਦਾ ।

ਰਿਪੋਰਟਰ : ਇਹ ਗਾਉਣ ਵਾਲਾ ਕੌਣ ਹੈ ?

ਹਾਜੀ : ਸਾਹਮਣੇ ਕੋਠੜੀ ਦਾ ਇਕ ਕੈਦੀ । ਲੋਕੀਂ ਉਸ ਨੂੰ ਦੀਵਾਨਾ ਕਹਿੰਦੇ ਨੇ । ਡੂੰਘੇ ਰਾਜ਼ ਦੀ ਗੱਲ ਮਲੂਮ ਹੁੰਦੀ ਹੈ । ਬੜਾ ਦਿਲਚਸਪ ਬੰਦਾ ਹੈ ।

ਰਿਪੋਰਟਰ : ਖਰੀਆਂ ਗੱਲਾਂ ਕਹਿ ਰਿਹਾ । ਸੱਚ ਬੋਲਣਾ ਅੱਜ ਨਿਹਾਇਤ ਮੁਸ਼ਕਲ ਹੈ ।

ਹਾਜੀ : ਦੋਹੀਂ ਪਾਸੀਂ ਜ਼ਾਹਰਦਾਰੀ ਦਾ ਰਾਜ ਹੈ । ਆਹ ਸੁਣੋ......

ਦੀਵਾਨਾ : ਚਲਤੀ ਕੋ ਗਾੜੀ ਕਹੇਂ
ਖਰੇ ਦੂਧ ਕੋ ਖੋਯਾ
ਰੰਗੀ ਕੋ ਨਾਰੰਗੀ ਕਹੇਂ
ਦੇਖ ਕਬੀਰਾ ਰੋਯਾ ।

ਹਾਜੀ : ਵਾਹ, ਕੈਸੀ ਮਜ਼ੇਦਾਰ ਬਾਤ ਕਹੀ ।

ਰਿਪੋਰਟਰ : ਅੱਛਾ ਹਾਜੀ ਸਾਹਿਬ, ਅਪਣੀ ਗੱਲ ਵਲ ਆਈਏ । ਉਸ ਪਿਛੋਂ ਤੁਸੀਂ ਕੀ ਕੀ ਕੰਮ ਕੀਤੇ ।



ਹਾਜੀ : ਦਿਨੋ ਦਿਨ ਚੰਗਾ ਗੁਜ਼ਾਰਾ ਹੋਣ ਲੱਗਾ । ਫੇਰ ਮੈਂ ਬੀਮਾਰੀ ਦੀ ਹਾਲਤ ਵਿਚ ਵੀ ਹਜ ਨੂੰ ਜਾਣ ਲਈ ਤਿਆਰ ਹੋ ਗਿਆ ।

ਰਿਪੋਰਟਰ : ਖਰਚਾ ਕਿਥੋਂ ਲਿਆ ?

ਹਾਜੀ : ਮੇਰੇ ਸਾਥੀਆਂ ਨੇ ਮੇਰੇ ਹਿੱਸੇ ਦਾ ਸੌ ਰੁਪਿਆ ਦਿੱਤਾ । ਪਹਿਲਾਂ ਤਾਂ ਅੰਮਾਂ ਨੇ ਸਮਝਿਆ ਮੈਂ ਕਿਸੇ ਦੀ ਜੇਬ ਕੁਤਰੀ ਹੈ, ਫੇਰ ਉਸ ਨੂੰ ਯਕੀਨ ਆ ਗਿਆ ।

ਰਿਪੋਰਟਰ : ਕੀ ਇਹ ਜ਼ਿੰਦਗੀ ਦੀ ਪਹਿਲੀ ਵੱਡੀ ਰਕਮ ਸੀ ?

ਹਾਜੀ : ਜੀ ਹਾਂ । ਇਸ ਸੌ ਰੁਪਏ ਨੇ ਮੇਰੀ ਜ਼ਿੰਦਗੀ ਵਿਚ ਭਾਰੀ ਪਲਟਾ ਲਿਆਂਦਾ । ਮਾਂ ਮੈਨੂੰ ਜਾਣ ਨਹੀਂ ਸੀ ਦੇਣਾ ਚਾਹੁੰਦੀ ।

ਰਿਪੋਰਟਰ : ਕਿਉਂ ?

ਹਾਜੀ : ਉਹ ਬੀਮਾਰ ਸੀ ।

ਰਿਪੋਰਟਰ : ਫੇਰ ਤੂੰ ਕਿਉਂ ਗਿਆ ?

ਹਾਜੀ : ਮੈਨੂੰ ਯਕੀਨ ਸੀ ਕਿ ਹਜ ਕਰਨ ਤੋਂ ਬਾਅਦ ਸਾਡੇ ਦਿਨ ਬਦਲ ਜਾਣਗੇ । ਮਾਂ ਦੀ ਸਿਹਤ ਲਈ ਵੀ ਮੈਂ ਦੁਆ ਕਰ ਆਵਾਂਗਾ ।

ਰਿਪੋਰਟਰ : ਵਾਪਸੀ ਤੇ ਤੇਰੀ ਅੰਮਾ ਦਾ ਕੀ ਹਾਲ ਸੀ ?

ਹਾਜੀ : ਉਹ ਇਸ ਜਹਾਨ ਫ਼ਾਨੀ ਤੋਂ ਚਲ ਵਸੀ ।

ਰਿਪੋਰਟਰ : ਅਫ਼ਸੋਸ ! ਉਸ ਪਿਛੋਂ ਤੁਸੀਂ ਕੀ ਕੰਮ ਸ਼ੁਰੂ ਕੀਤਾ ?

ਹਾਜੀ : ਬਹੁਤ ਦਿਲਚਸਪ ! ਹਜ਼ਾਰ ਰੁਪਿਆ ਕੱਠਾ ਹੋ ਗਿਆ ਸੀ । ਮੈਂ ਕਰਾਫੋਰਡ ਮਾਰਕੀਟ ਲਾਗੇ ਇਕ ਉੱਚੇ ਥੜੇ ਤੇ ਵਲੈਤੀ ਮਾਲ ਵੇਚਣ ਦਾ ਧੰਦਾ ਸ਼ੁਰੂ ਕੀਤਾ । ਉਥੋਂ ਹੀ ਅਚਾਨਕ ਇਕ ਦਿਨ ਜ਼ਿੰਦਗੀ ਦੀ ਸਾਥਣ ਨਾਲ ਮੁਲਾਕਾਤ ਹੋਈ ।

ਰਿਪੋਰਟਰ : ਬਹੁਤ ਖੂਬ ਸੁਣਾਓ ।

ਬੱਤੀਆਂ ਬੁਝ ਜਾਂਦੀਆਂ ਹਨ । ਕੁਝ ਦੇਰ ਪਿਛੋਂ ਰੋਸ਼ਨੀ ਦੇ ਘੇਰੇ ਵਿਚ ਇਕ ਉੱਚੀ ਥਾਂ ਉਤੇ ਗਾਮੇ ਸ਼ਾਹੀ ਲਿਬਾਸ ਵਿਚ ਇਕ ਨੌਜਵਾਨ ਖੜਾ ਹੋਕਾ ਦੇ ਰਿਹਾ ਹੈ । ਤਰ੍ਹਾਂ ਤਰ੍ਹਾਂ ਦੀਆਂ ਚੀਜ਼ਾਂ ਚਾਦਰ ਉੱਤੇ ਖਿੰਡਰੀਆਂ ਪਈਆਂ ਹਨ ।

ਹਾਜੀ : ਲੁਟ ਲਓ, ਲੁਟ ਲਓ, ਵਲੈਤੀ ਮਾਲ ਮੁਫਤੋਂ ਮੁਫਤ ।
ਆਹਲਾ ਸਸਤੀਆਂ ਘੜੀਆਂ, ਜਾਪਾਨੀ ਜ਼ੇਵਰ, ਚੀਨੀ ਪੈਨ, ਪੌਰਸ਼ ਪਾਊਡਰ ਤੇ ਲਿਪਸਟਿਕਾਂ, ਅਮਰੀਕਾ ਦਾ ਆਲ੍ਹਾ ਹਾਰ ਸ਼ਿੰਗਾਰ ਅਤਰ ਫੁਲੇਲ । ਲੁਟ ਲਓ, ਮੁਫਤੋਂ ਮੁਫਤ ।

ਦੋ ਮੁੰਡੇ ਨੱਸੇ ਆਉਂਦੇ ਹਨ ।

ਪਹਿਲਾ ਮੁੰਡਾ : ਹੈਂ ਮੁਫਤ ! ਮੈਨੂੰ ਤਾਂ ਆਹ ਬੁਸ਼ਰਟ ਦੇ ਦੇ ।

ਦੂਜਾ : (ਚੁਕ ਕੇ) ਮੈਨੂੰ ਆਹ ਘੜੀ ।

ਹਾਜੀ : ਰਖ ਦਿਓ ਸੂਰੋ, ਚੋਰੀ ਦਾ ਮਾਲ ਨਹੀਂ : ਇਨਾ ਕਿਆ ਅੱਬਾ ਦੀ ਦੁਕਾਨ ਸਮਝ ਰਖੀ ਐ ।

ਪਹਿਲਾ ਮੁੰਡਾ : ਨਾਲੇ ਕਹਿੰਦਾ, ਮੁਫਤ ਮਾਲ ਐ, ਲੁਟ ਲਓ ।

ਹਾਜੀ : ਮੂਰਖੋ, ਉਹ ਤਾਂ ਗਾਹਕਾਂ ਨੂੰ ਫਸਾਣ ਦਾ ਢੰਗ ਹੈ । ਜਦੋਂ ਬੜੇ ਹੋਵੋਂਗੇ ਪਤਾ ਲਗ ਜਾਵੇਗਾ; ਜਿੰਨਾ ਕੋਈ ਉੱਚੀ ਝੂਠ ਬੋਲੇਗਾ, ਕੁਫਰ ਤੋਲੇਗਾ, ਉੱਨਾ ਹੀ ਧੰਨ ਕਮਾਏਗਾ । ਦੌੜ ਜਾਓ, ਕੋਈ ਕੰਮ ਕਰੋ, ਵਿਹਲੀਆਂ ਨਾ ਖਾਓ ।

ਪਹਿਲਾ ਮੁੰਡਾ : ਆ ਜਾਹ ਮਾਝੇ, ਇਹ ਤਾਂ ਝੂਠਾ ਬੰਦਾ ।

ਹਾਜੀ : ਠਹਿਰੋ ਠਹਿਰੋ, ਆਹ ਲਓ ਅਠ ਅਠ ਆਨੇ । ਸੂਰੋ, ਜਦ ਮੈਂ ਤੁਹਾਡੇ ਜਿੱਡਾ ਸੀ, ਸਾਰੀ ਦਿਹਾੜੀ ਜਾਨ ਹੁਲ ਕੇ ਅਠ ਆਨੇ ਕਮਾਂਦਾ ਸੀ ।

ਪਹਿਲਾ ਮੁੰਡਾ : ਉਦੋਂ ਅੱਠਾਂ ਆਨਿਆਂ ਦਾ ਬਹੁਤ ਕੁਝ ਆਂਦਾ ਹੋਊ :

ਹਾਜੀ : ਮੁੰਡੇ ਨੇ ਕਿੰਨੀ ਸੱਚੀ ਗਲ ਕਹੀ ਹੈ । ਲੁਟ ਲਓ । ਅਸਲੀ ਤੇ ਕੀਮਤੀ ਮਾਲ ਕੌਡਾਂ ਦੇ ਭਾਅ ।

ਬਾਬੂ : ਸਭ ਝੂਠ, ਸਰਾ ਸਰ ਬਕਵਾਸ । ਲੋਕੋ, ਏਸ ਛੋਕਰੇ ਦੀ ਗਲ ਤੇ ਯਕੀਨ ਨਾ ਕਰਿਓ ।

ਹਾਜੀ : ਬਾਬੂ ਜੀ, ਦਿਮਾਗ ਤਾਂ ਸਹੀ ਹੈ, (ਇਕ ਦਮ ਬਦਲ ਕੇ) ਹੌਲੀ ਬੋਲੋ, ਮੇਰੀ ਗਾਹਕੀ ਕਿਉਂ ਖਰਾਬ ਕਰਦੇ ਓ ।

ਬਾਬੂ : ਦਿਨ ਦੀਵੇ ਠਗੀ । ਪਰਸੋਂ ਮੈਂ ਪੈਨ ਖਰੀਦਿਆ ਸੀ ।

ਹਾਜੀ : ਧਰਮ ਈਮਾਨ ਨਾਲ ਕਹਿੰਦੇ ਓ, ਮੇਰੇ ਪਾਸੋਂ ਖਰੀਦਿਆ ਸੀ ?

ਬਾਬੂ : ਬਿਲਕੁਲ ਸਚ ਕਹਿੰਦਾਂ ।



ਹਾਜੀ : ਮੇਰੀ ਸ਼ਕਲ ਵਲ ਤਾਂ ਚੰਗੀ ਤਰ੍ਹਾਂ ਦੇਖ ਲਓ, ਕੋਈ ਹੋਰ ਨਾ ਹੋਵੇ ।

ਬਾਬੂ : ਤੇਰੀਆਂ ਮਿਕਨਾਤੀਸੀ ਅੱਖਾਂ ਤੇ ਚੀਕਦੇ ਚਪੜੇ ਬੋਲਾਂ ਨੇ ਮੈਨੂੰ ਬੁਲਾਇਆ ਸੀ । ਤੈਨੂੰ ਅਜੇ ਵੀ ਸ਼ਕ ਹੈ ?

ਹਾਜੀ : ਬਾਬੂ ਜੀ, ਲੋਕੀ ਇਕ ਰੁਪਏ ਪਿਛੇ ਦੀਨ ਈਮਾਨ ਔਰ ਮੁਲਕ ਕੁਰਬਾਨ ਕਰ ਦੇਂਦੇ, ਸਚ ਕਹਿ ਰਿਹਾਂ ।

ਬਾਬੂ : ਤੂੰ ਚੀਨ ਦਾ ਹੀਰੋ ਪੈੱਨ ਕਹਿ ਕੇ ਦਿਤਾ ਸੀ । ਅਸਲੋਂ ਨਕਲੀ ਨਿਕਲਿਆ । ਮੁੰਡਾ ਸਕੂਲੋਂ ਰੋਂਦਾ ਘਰ ਆਇਆ ।

ਹਾਜੀ : ਬਾਬੂ ਸਾਹਿਬ, ਅਸਲ ਨਕਲ ਵਿਚ ਅਜ ਕੋਈ ਫ਼ਰਕ ਨਹੀਂ ਰਿਹਾ । ਨਾਲੇ ਮੈਂ ਕਿਹੜਾ ਬਾਪ ਦੇ ਕਾਰਖਾਨੇ ਵਿਚੋਂ ਲਿਆਂਦਾ ਸੀ । ਮੈਨੂੰ ਪਿਛੇ ਵਪਾਰੀਆਂ ਨੇ ਠਗਿਆ ਹੋਊ ।

ਬਾਬੂ : ਫੇਰ ਤੂੰ ਕਿਉਂ ਕਿਹਾ ਅਸਲੀ ਚੀਨ ਦਾ ਹੀਰੋ ਪੈੱਨ ਹੈ ।

ਹਾਜੀ : ਕਿੰਨੇ ਰੁਪਏ ਦਿੱਤੇ ਸਨ ?

ਬਾਬੂ : ਦੋ, ਨਕਦ ।

ਹਾਜੀ : ਦੋ ਰੁਪਿਆਂ ਵਿਚ ਅਸਲੀ ਪੈੱਨ ਭਾਲਦੇ ਹੋ । ਅਜ ਬਾਜ਼ਾਰ ਵਿਚ ਕੋਈ ਅਸਲੀ ਚੀਜ਼ ਮਿਲਦੀ ਹੈ ? ਬਨਾਸਪਤੀ ਵਿਚ ਗਰੀਸ, ਫੇਰ ਵੀ ਲੋਕੀ ਜ਼ਹਿਰ ਖਾਈ ਜਾਂਦੇ ਨੇ, ਚਾਹ ਵਿਚ ਘੋੜਿਆਂ ਦੀ ਲਿਦ, ਫੇਰ ਵੀ ਜਨਤਾ ਡੀਕੀ ਜਾਂਦੀ ਹੈ, ਮਹਿੰਗੇ ਆਟੇ ਵਿਚ ਮਿੱਟੀ ਘੱਟਾ, ਫੇਰ ਵੀ ਭੁਖ ਮਿਟਾਣ ਲਈ ਲੋਕਾਂ ਨੂੰ ਖਾਣਾ ਪੈਂਦਾ । ਤੁਸੀਂ ਆਪ ਹੀ ਦੱਸੋ ਕਿਹੜੀ ਚੀਜ਼ ਅਸਲੀ ਹੈ । ਬੰਦੇ ਵੀ ਨਕਲੀ, ਬੇਪਛਾਣ, ਮਖੌਟੇ ਲਾਈ ਫਿਰਦੇ ਨੇ ।

ਬਾਬੂ : ਪਰ ਗਰੀਬਾਂ ਨਾਲ ਠਗੀ ਤਾਂ ਨਾ ਕਰੋ । ਤੈਨੂੰ ਕਿਆ ਖਬਰ, ਕਿਦਾਂ ਜਾਨ ਮਾਰ ਕੇ ਟੱਬਰ ਪਾਲਦਾ ।

ਹਾਜੀ : (ਹਮਦਰਦੀ ਨਾਲ) ਕਿਆ ਸਚ ਮੁਚ ਤੂੰ ਗਰੀਬ ਹੈਂ ?

ਬਾਬੂ : ਹਾਂ, ਇਹ ਮੰਨਣ ਵਿਚ ਮੈਨੂੰ ਕੋਈ ਸ਼ਰਮ ਨਹੀ ।

ਹਾਜੀ : ਕਿਆ ਚਾਹੁੰਦੇ ਹੋ ਪੈਸੇ ਵਾਪਸ ਲੈਣੇ ਕਿ ਹੋਰ ਪੈੱਨ ?

ਬਾਬੂ : ਬਦਲੇ ਵਿਚ ਅਸਲੀ ਪੈੱਨ ।

ਹਾਜੀ : ਆਹ ਲਓ ਅਸਲੀ ਪੈੱਨ । ਇਸ ਦੀ ਕੀਮਤ ਚਾਲੀ ਰੁਪਏ ਹੈ ।

ਬਾਬੂ : ਐਨੇ ਰੁਪਏ ਮੇਰੇ ਪਾਸ ਕਿਥੇ ।

ਹਾਜੀ : ਚਲੋ ਲੈ ਜਾਓ, ਮਜੇ ਕਰੋ, ਖੁਸ਼ ਰਹੋ ਔਰ ਸਰਕਾਰ ਨੂੰ ਦੁਆਵਾਂ ਦਿਓ ।

ਫਟੇ ਹੋਏ ਕਪੜਿਆਂ ਵਿਚ ਇਕ ਲੜਕੀ ਸ਼ਕਲੋਂ ਸੋਹਣੀ, ਬੜੀ ਬੇਸਬਰੀ ਨਾਲ ਚੀਜ਼ਾਂ ਵੇਖਦੀ ਹੈ ।

ਹਾਜੀ : ਸੋਹਣਿਓ, ਖਾਦਮ ਨੂੰ ਹੁਕਮ ਕਰੋ ਕਿਆ ਚਾਹੀਦਾ ਹੈ ?

ਲੜਕੀ : (ਅੰਦਰੋਂ ਖੁਸ਼, ਉੱਪਰੋਂ ਮੂੰਹ ਵਟ ਕੇ) ਵਲੈਤੀ ਸੁਰਮਾ ।

ਹਾਜੀ : ਵਲਾਇਤ ਵਿਚ ਮੇਮਾਂ ਸੁਰਮਾ ਨਹੀਂ ਪਾਂਦੀਆਂ ।

ਲੜਕੀ : ਹੋਰ ਕੀ ਪੌਂਦੀਆਂ ?

ਹਾਜੀ : ਆਹ ਆਈ ਲੈਂਸ਼ਰ ਵਰਤਦੀਆਂ । ਪਰ ਤੁਹਾਨੂੰ ਕਿਆ ਜ਼ਰੂਰਤ ਹੈ, ਤੁਹਾਡੀਆਂ ਅੱਖਾਂ ਤਾਂ ਅੱਗੇ ਹੀ ਕਾਲੀਆਂ ਸ਼ਾਹ ਨੇ । ਖੂਬਸੂਰਤੀ ਨੂੰ ਗਹਿਣਿਆਂ ਦੀ ਕਿਆ ਜ਼ਰੂਰਤ ।

ਲੜਕੀ : ਤੂੰ ਤਾਂ ਭਾਈ ਮਖੌਲ ਕਰਦਾਂ ।

ਹਾਜੀ : ਬਿਲਕੁਲ ਨਹੀਂ, ਮੇਰੀ ਕਿਆ ਮਜਾਲ ਅਪਨੇ ਸਜੀਲੇ ਗਾਹਕ ਨੂੰ ਗੁੱਸੇ ਕਰਾਂ ਔਰ ਅਪਨਾ ਨੁਕਸਾਨ ਕਰਾਂ ।

ਲੜਕੀ : ਲਪਸਟਿਕ ਹੈ ਤੇਰੇ ਪਾਸ ? ਮੈਂ ਮਾਲਕਣ ਦੀ ਲੜਕੀ ਨੂੰ ਜਨਮ ਦਿਨ ਦਾ ਤੋਹਫਾ ਦੇਣਾ ।

ਹਾਜੀ : ਹਰ ਕਿਸਮ ਦੀ । ਛੱਤੀ ਸ਼ੇਡ ਨੇ ਮੇਰੇ ਪਾਸ । ਲਓ ਪਸੰਦ ਕਰੋ ।

ਲੜਕੀ : ਇਸ ਦਾ ਮੁਲ ਕੀ ਆ ਤੇ ਉਹਦਾ ?

ਹਾਜੀ : ਇਸ ਦੀ ਕੀਮਤ ਦਸ ਰੁਪੈ, ਉਸ ਦੀ ਕੁਲ ਦੋ ।

ਲੜਕੀ : ਆਹ ਸਮਾਂ ਜਾਦਾ ਚਮਕਦੀ ਹੈ ।

ਹਾਜੀ : ਨਕਲੀ ਚੀਜ਼ ਜ਼ਿਆਦਾ ਹੀ ਚਮਕਦੀ ਹੁੰਦੀ ਹੈ । ਕਿਉਂ ਨਹੀਂ ਪਸੰਦ ? ਹੋਰ ਦਿਖਾਵਾਂ ?

ਲੜਕੀ : ਪਸੰਦ ਤਾਂ ਬਹੁਤ ਆ ਪਰ ਮੇਰੇ ਪਾਸ ਐਨੇ ਪੈਸੇ ਨਹੀਂ ।

ਹਾਜੀ : ਕਿੰਨੇ ਪੈਸੇ ਨੇ ਤੇਰੇ ਪਾਸ ?

ਲੜਕੀ : ਸਵੇਰ ਦਾ ਸਿਰਫ ਇਕ ਰੁਪਇਆ ਕਮਾਇਆ ।

ਹਾਜੀ : ਕੁਲ ਇਕ ਰੁਪਿਆ । ਲਓ ਆਹ ਅਸਲੀ ਲੈ ਜਾਓ ।



ਲੜਕੀ : ਕਿਉਂ ?

ਹਾਜੀ : ਮੈਂ ਅੱਜ ਮਾਲ ਮੁਫ਼ਤ ਲੁਟਾ ਰਿਹਾਂ ।

ਲੜਕੀ । (ਉਸ ਵਲ ਦਿਲਚਸਪੀ ਨਾਲ ਤਕਦੀ ਹੋਈ) ਉਹ ਕਿਉਂ ?

ਹਾਜੀ : ਮੈਂ ਇਹ ਧੰਦਾ ਛੱਡ ਰਿਹਾਂ । ਨਵਾਂ ਕੰਮ ਸ਼ੁਰੂ ਕਰਨਾ ।

ਲੜਕੀ : ਕੀ ਨਵੇਂ ਕੰਮ ਲਈ ਪੈਸੇ ਨਹੀਂ ਚਾਹੀਦੇ ? ਮੁਫ਼ਤ ਕਿਉਂ ਲੁਟਾ ਰਿਹੈਂ ?

ਹਾਜੀ : ਦਿਲਾਂ ਦੇ ਸੌਦੇ ਨਹੀਂ ਹੁੰਦੇ । ਤੇਰਾ ਘਰ ਕਿਥੇ ਹੈ ?

ਲੜਕੀ : ਕਿਤੇ ਵੀ ਨਹੀਂ, ਪਟੜੀ ਤੇ ਸਮਝ ।

ਹਾਜੀ : ਤੇਰਾ ਮਾਂ ਬਾਪ ।

ਲੜਕੀ : (ਅੱਖਾਂ ਭਰਕੇ) ਬਾਪ ਬਜ਼ੁਰਗ ਹੈ, ਮਾਂ ਬੀਮਾਰ ਹੈ ।

ਹਾਜੀ : (ਹਮਦਰਦੀ ਨਾਲ) ਮਾਂ ਬੀਮਾਰ ਹੈ ? ਕਿਥੇ ਹੈ ਉਹ ?

ਲੜਕੀ : ਖੋਲੀ ਵਿਚ ਮੇਰੀ ਜਾਨ ਨੂੰ ਰੋਂਦੀ ਹੋਊ ।

ਹਾਜੀ : ਤੈਨੂੰ ਕੋਈ ਨੌਕਰੀ ਚਾਹੀਦੀ ਹੈ ?

ਲੜਕੀ : ਹਾਂ ! ਅੰਨੇ ਨੂੰ ਦੋ ਅੱਖਾਂ ਦੇਣ ਬਰਾਬਰ ਹੈ ।

ਹਾਜੀ : (ਝੁਕਦਾ ਹੋਇਆ) ਦਰ ਅਸਲ ਮੈਨੂੰ ਖੁਦ ਇਕ ਮਦਦਗਾਰ ਦੀ ਜ਼ਰੂਰਤ ਹੈ । ਕੱਲਾ ਅੱਖ ਤਕ ਨਹੀਂ ਝਮਕ ਸਕਦਾ । ਮੈਨੂੰ ਤੇਰੇ ਨਾਲ ਹਮਦਰਦੀ ਹੈ । ਕੁਛ ਸਾਲ ਪਹਿਲਾਂ ਮੈਂ ਵੀ ਤੇਰੇ ਵਾਂਗ ਯਤੀਮ ਸੀ । (ਅੱਖਾਂ ਵਿਚ ਤਕਦਾ ਹੋਇਆ) ਇਸ ਵਾਸਤੇ......

ਲੜਕੀ : (ਅਹਿਸਾਨ ਮੰਦ ਅੱਖਾਂ ਨਾਲ ਤਕਦੀ ਹੋਈ) ਸ਼ੁਕਰੀਆ ।

ਹਾਜੀ : ਸ਼ੁਕਰੀਏ ਵਾਲੀ ਗੱਲ ਨਹੀਂ । ਮੈਂ ਦੇਰ ਤੋਂ ਕਿਸੇ ਸਾਥੀ ਦੀ ਤਲਾਸ਼ ਵਿਚ ਸੀ ਜਿਹੜੀ ਮੈਨੂੰ ਸਹਾਰਾ ਦੇ ਸਕੇ ।

ਲੜਕੀ : ਮੈਂ ਸਾਥ ਦੇਣ ਜੋਗੀ ਤਾਂ ਨਹੀਂ, ਚਾਕਰੀ ਕਬੂਲ ਕਰਨ ਨੂੰ ਤਿਆਰ ਹਾਂ ।

ਹਾਜੀ : ਸਾਥ ਦੇਣ ਜੋਗੀ ਕਿਉਂ ਨਹੀਂ ?

ਲੜਕੀ : ਦਰ-ਬੱਦਰ ਦੇ ਧੱਕੇ ਖਾਣ ਵਾਲੀ ਔਰਤ ਦੀ ਇੱਜ਼ਤ ਲੁਟੀ ਪੁੱਟੀ ਹੁੰਦੀ ਹੈ । ਮੈਂ ਤੁਹਾਡੇ ਵਰਗੇ ਸ਼ਰੀਫ ਔਰ ਹਮਦਰਦ ਇਨਸਾਨ ਨੂੰ ਧੋਖਾ ਨਹੀਂ ਦੇਣਾ ਚਾਹੁੰਦੀ ।

ਹਾਜੀ : (ਕੁਝ ਪਲ ਬੇਵਾਕ ਉਸ ਵਲ ਦੇਖਦਾ ਹੋਇਆ) ਤੇਰੇ ਬੋਲਾਂ ਨੇ ਮੇਰਾ ਦਿਲ ਹਲਾਲ ਕਰ ਦਿੱਤਾ ਹੈ। ਜੇ ਤੂੰ ਮੇਰਾ ਹੱਥ ਕਬੂਲ ਕਰੇਂ, ਮੈਂ ਅੱਲਾ ਪਾਕ ਨੂੰ ਹਾਜ਼ਰ ਨਾਜ਼ਰ ਜਾਣ ਕੇ ਵਹਿਦਾ ਕਰਦਾ ਹਾਂ, ਤੋੜ ਹਸ਼ਰ ਤਕ ਨਿਭਾਵਾਂਗਾ। ਮਿੱਟੀ ਘੱਟੇ ਵਿਚ ਰੁਲ ਰਿਹਾ ਤੂੰ ਹੀਰਾ ਹੈਂ।

ਲੜਕੀ : (ਭਰੀਆਂ ਅੱਖਾਂ ਨਾਲ) ਇਹ ਬਾਂਦੀ ਵੀ ਉਮਰ ਭਰ ਅਹਿਸਾਨ ਭੁੱਲਣ ਵਾਲੀ ਨਹੀਂ।

ਹਾਜੀ : ਤੇਰਾ ਨਾਮ ?

ਲੜਕੀ : ਨੂਰ ਬਾਈ

ਹਾਜੀ : ਪਰ ਮੈਂ ਨੂਰ ਬੀਬੀ ਕਹਾਂਗਾ।

ਲੜਕੀ : ਉਹ ਕਿਉਂ ?

ਹਾਜੀ : ਜਿੰਨਾ ਚਿਰ ਨਿਕਾਹ ਨਹੀਂ ਹੁੰਦਾ ਨੂਰ ਬੀਬੀ ਹੀ ਠੀਕ ਹੈ।

ਦੋਵੇਂ ਅਰਥ ਭਰਿਆ ਹਾਸਾ ਹਸਦੇ ਹਨ।

ਲੜਕੀ : ਮੈਂ ਇਸ ਕਾਬਲ ਤਾਂ ਨਹੀਂ ਪਰ......

ਹਾਜੀ : ਨੂਰ ਬੀਬੀ, ਜੋ ਬਾਹਰੋਂ ਲਿਸ਼ਕਦੇ ਪੁਸ਼ਕਦੇ ਨੇ, ਜ਼ਰੂਰੀ ਨਹੀਂ ਉਹ ਸ਼ਰੀਫਜ਼ਾਦੇ ਹੋਣ। ਓਹ ਸਾਹਮਣੇ ਕਾਰ ਦੇਖਦੀ ਹੈਂ ? ਮੈਂ ਦੋਹਾਂ ਨੂੰ ਚੰਗੀ ਤਰ੍ਹਾਂ ਜਾਣਦਾ ਹਾਂ। ਉਹ ਸੂਟਿਡ ਬੂਟਿਡ ਮਰਦ ਮਹਾਂ ਬਦਮਾਸ਼ ਹੈ, ਬੜਾ ਭਾਰੀ ਸਮਗਲਰ, ਭ੍ਰਿਸ਼ਟਿਆ ਹੋਇਆ ਗੰਦਗੀ ਦਾ ਕੀੜਾ। ਦੇਖਣ ਨੂੰ ਇਸ ਤਰ੍ਹਾਂ ਲੱਗਦਾ ਜਿੱਦਾਂ ਹੁਣੇ ਅਸਮਾਨ ਤੋਂ ਉਤਰਿਆ ਹੋਇਆ ਫਰਿਸ਼ਤਾ।

ਲੜਕੀ : ਬੀਵੀ ਦੀ ਬਦ-ਕਿਸਮਤੀ।

ਹਾਜੀ : ਉਹ ਉਸ ਦੀ ਔਰਤ ਨਹੀਂ। ਨਹਾਇਤ ਜ਼ਲੀਲ ਲੜਕੀ ਹੈ। ਦਿੱਲੀ ਦੇ ਕਿਸੇ ਧਨਾਢ ਦੀ ਬੇਟੀ। ਫਿਲਮ ਲਾਈਨ ਵਿਚ ਜਾਣ ਖ਼ਾਤਰ ਜਿਸਮ ਲੁਟਾ ਰਹੀ ਹੈ।

ਲੜਕੀ : ਜਦੋਂ ਫ਼ਿਲਮਾਂ ਵਿਚ ਇਸ ਦੀ ਚੜ੍ਹ ਮਚੇਗੀ, ਇਹਨੇ ਪਾਕੀਜ਼ਾ ਬਣ ਜਾਣਾ ਹੈ।

ਹਾਜੀ : ਨੂਰ ਬੀਬੀ, ਤੂੰ ਜ਼ਿੰਦਗੀ ਦਾ ਕਾਲਾ ਪਾਸਾ ਨਹੀਂ ਵੇਖਿਆ। ਮੈਂ ਹੋਟਲਾਂ, ਘਾਟਾਂ, ਬਾਜ਼ਾਰਾਂ ਵਿਚ ਗੁਪਤ ਦੁਨੀਆਂ ਦੇ ਸਾਰੇ ਰੰਗ ਦੇਖ



ਚੁੱਕਾ। ਪਰ ਅਪਣਾ ਰਿਸ਼ਤਾ ਸੱਚਾ ਸੁੱਚਾ ਹੋਏਗਾ।

ਨੂਰ : ਇਹੋ ਕਹਿ ਸਕਦੀ ਹਾਂ, ਮੈਨੂੰ ਅਪਨਾ ਕੇ ਪਛਤਾਉਗੇ ਨਹੀਂ। ਗਰੀਬ ਲੜਕੀ ਦਾ ਵਫ਼ਾਦਾਰ ਦਿਲ ਹੀ ਦਹੇਜ ਹੁੰਦਾ।

ਹਾਜੀ : (ਹੱਥ ਫੜ ਕੇ) ਨੂਰ ਬੀਬੀ, ਇਹ ਕੀ ਇਸ਼ਾਰਾ ਕੀਤਾ, ਮੈਨੂੰ ਕਿਸੇ ਦੜੇ ਦਹੇਜ ਦੀ ਜ਼ਰੂਰਤ ਨਹੀਂ। ਮੈਨੂੰ ਆਪਣੀ ਕੰਗਾਲੀ ਦੇ ਦਿਨ ਕਦੇ ਭੁਲ ਨਹੀਂ ਸਕਦੇ। ਸੋਨੇ ਲੱਦੀਆਂ ਅਮੀਰ ਰਗਲਾਂ ਨਾਲੋਂ ਤੂੰ ਹਜ਼ਾਰ ਦਰਜੇ ਚੰਗੀ ਹੈ।

ਨੂਰ : ਆਪ ਕਿੰਨੇ ਆਹਲਾ ਇਨਸਾਨ ਹੋ।

ਹਾਜੀ : ਤੂੰ ਅੱਜ ਅਪਣੀ ਅੰਮਾਂ ਨਾਲ ਗੱਲ ਕਰੀਂ। ਉਸ ਦੇ ਇਲਾਜ ਦਾ ਅੱਜ ਹੀ ਬੰਦੋਬਸਤ ਕਰਾਂਗੇ।

ਨੂਰ : ਓਹ ਕਿਆ ਹੋਇਆ ? ਸਭ ਮਾਲ ਚੁੱਕ ਕੇ ਨੱਸੇ ਜਾਂਦੇ। ਅਸੀਂ ਵੀ ਸਮੇਟੀਏ ?

ਹਾਜੀ : ਜ਼ਰਾ ਫਿਕਰ ਨਾ ਕਰ। ਸਾਨੂੰ ਕੋਈ ਕੁਛ ਨਹੀਂ ਕਹੇਗਾ। ਦੇਖਦੀ ਰਹੀਂ।

ਨੂਰ : ਕਿਉਂ ?

ਹਾਜੀ : ਮਹੀਨਾ ਬੱਧਾ ਹੋਇਆ ਹੈ। ਪਹਿਲੀ ਤਰੀਕ ਪੁਲਸ ਹਿੱਸਾ ਪੱਤੀ ਲੈ ਜਾਂਦੀ ਹੈ।

ਨੂਰ : ਫੇਰ ਇਹ ਵਿਚਾਰੇ !

ਹਾਜੀ : ਓਇ ਕਰਮੂ, ਚਾਂਦੀ ਦੀ ਜੁੱਤੀ ਮਾਰ।

ਕਰਮੂ : ਮੈਂ ਚਮੜੇ ਦੀ ਮਾਰਨ ਨੂੰ ਤਿਆਰ ਨਹੀਂ।

ਹਾਜੀ : ਕਿਸੇ ਦਿਨ ਮਾਲ ਦੇ ਨਾਲ ਗਰਦਨ ਵੀ ਭੰਨਾ ਬੈਠੇਂਗਾ।

ਕਰਮੂ : (ਮਾਲ ਸਮੇਤ ਨੱਸਾ ਜਾਂਦਾ) ਦੇਖੀ ਜਾਊ।

ਸਿਪਾਹੀ : (ਜ਼ਮੀਨ ਤੇ ਡੰਡਾ ਮਾਰ ਕੇ) ਓਇ ਮੁਸ਼ਟੰਡੇ, ਚੁੱਕ ਲੈ ਮਾਲ, ਨਹੀਂ ਤਾਂ ਟਰੱਕ ਵਿਚ ਲਦ ਲਵਾਂਗੇ।

ਹਾਜੀ : (ਇਕੱਠਾ ਕਰਦਾ ਹੋਇਆ) ਹੁਣੇ ਲਓ ਹੌਲਦਾਰ ਸਾਹਿਬ ! (ਅੱਖ ਮਾਰ ਕੇ) ਮੈਂ ਕਿਹਾ, ਬੀਵੀ ਲਈ ਕਲਿਪ ਸ਼ਲਿਪ ਲੈ ਜਾਓ, ਚੰਗੀ ਖਿਦਮਤ ਕਰੂ।

ਸਿਪਾਹੀ : (ਮੁੜ ਕੇ ਆ ਕੇ) ਓਇ, ਤੂੰ ਅਜੇ ਚੁਕਿਆ ਨਹੀਂ ।

*ਡੰਡਾ ਜ਼ਮੀਨ ਤੇ ਮਾਰਦਾ ਹੈ ਨਾਲੇ ਸੁਨਹਿਰੀ ਕਲਿਪ ਫੜ ਕੇ ਜੇਬ ਵਿਚ ਪਾ ਲੈਂਦਾ ਹੈ ।*

ਹਾਜੀ : ਦੇਖਿਆ ਨਜ਼ਾਰਾ, ਸਾਰਾ ਕਾਲਾ ਧੰਦਾ ਇਸੇ ਤਰ੍ਹਾਂ ਚਲਦਾ । ਹੇਠ ਤੋਂ ਉੱਪਰ ਤਕ ਸਭ ਭਾਈਵਾਲ ਨੇ । ਉਹ ਅਸਮਾਨ ਛੋਂਹਦਾ ਹੋਟਲ, ਆਲੀਸ਼ਾਨ ਬਿਲਡਿੰਗ ਸਭ ਹਰਾਮ ਦੀ ਕਮਾਈ ਦਾ ਕਰਿਸ਼ਮਾ । ਬੰਬਈ ਦੀ ਅੱਧੀ ਦੋਲਤ ਕਾਲੇ ਧੰਦੇ ਦੀ ਬਦੋਲਤ ਜਮ੍ਹਾਂ ਹੈ ।

ਨੂਰ : ਉਹ ਕੋਣ ਨੱਠਾ ਆਉਂਦਾ ?

ਹਾਜੀ : ਜੇਬ-ਕਤਰਾ, ਜ਼ਰੂਰ ਕਿਸੇ ਦਾ ਕੁਛ ਚੁਰਾਇਆ ।

ਨੂਰ : ਹੁਣੇ ਜ਼ਨਾਨਾ ਪਰਸ ਲੁਕਾਇਆ ਝੱਗੇ ਹੇਠ ।

ਹਾਜੀ : ਓਇ ਗਾਮੇ, ਛੱਡ ਦੇ ਉਲਟੇ ਲੱਛਣ ।

ਗਾਮਾ : ਕਿਉਂ, ਗਰੀਬਾਂ ਦਾ ਪੇਟ ਕੱਟਣ ਵਾਲਿਆਂ ਨਾਲ ਹਮਦਰਦੀ ਜਾਗ ਪਈ ?

ਹਾਜੀ : ਕਿਤੇ ਅਪਨੀ ਧੋਣ ਨਾ ਕਟਾ ਬਹੀਂ ; ਕੋਈ ਅੱਛਾ ਕੰਮ ਕਰ ।

ਗਾਮਾ : ਜਾਹ ਬੜਾ ਮਹਾਤਮਾ । ਮੈਂ ਜਾਣਦਾ ਤੈਨੂੰ । ਸ਼ਾਮ ਨੂੰ ਆ ਜਾਈਂ ਉਥੇ । (ਨੂਰ ਬਾਈ ਵਲ ਇਸ਼ਾਰਾ ਕਰਕੇ) ਇਹਦੇ ਨਾਲੋਂ ਵਧੀਆ ਮਾਲ ਮਿਲੂ ।

ਹਾਜੀ : (ਗੁੱਸੇ ਨਾਲ ਉਸ ਵਲ ਵਧਦਾ ਹੋਇਆ) ਠਹਿਰ ਜਾ ਸੂਰ ਦਿਆ ਪੁੱਤਰਾ ।

ਨੂਰ : ਅਸੀਂ ਕਾਲਾ ਧੰਦਾ ਨਹੀਂ ਕਰਨਾ ।

ਹਾਜੀ : ਕਮਲੀਏ, ਪੈਸੇ ਤੋਂ ਬਿਨਾਂ ਅੱਜ ਇਨਸਾਨ ਦੀ ਕੋਡੀ ਕੀਮਤ ਨਹੀਂ । ਲਿਆਕਤ ਨੂੰ ਕੋਈ ਨਹੀਂ ਪੁਛਦਾ, ਦੁਨੀਆਂ ਪੈਸੇ ਵਾਲੇ ਦੀ ਹੈ । ਗਰੀਬ ਬੰਦੇ ਦੀ ਕੋਈ ਨਹੀਂ ਸੁਣਦਾ । ਇਸ ਭਰਿਸ਼ਟ ਸਮਾਜ ਤੋਂ ਬਦਲਾ ਲੈਣ ਦਾ ਇਕੋ ਇਕ ਰਾਹ ਹੈ ।

ਲੜਕੀ : ਉਹ ਕਿਹੜਾ ?

ਹਾਜੀ : ਕਾਲਾ ਧੰਦਾ । ਤੇਰੀ ਗੱਲ ਬਾਰੇ ਪਿਛੋਂ ਸੋਚਾਂਗੇ, ਬਥੇਰੀ ਉਮਰ ਪਈ ਹੈ । ਪਹਿਲਾਂ ਤਾਂ ਜਿਨ੍ਹਾਂ ਸੇਠਾਂ, ਅਮੀਰਾਂ ਵਜ਼ੀਰਾਂ ਤੇ ਅਫ਼ਸਰਾਂ ਨੇ



ਅੰਮਾ ਔਰ ਤੇਰੀ ਇਜ਼ਤ ਲੁੱਟੀ ਹੈ, ਉਨ੍ਹਾਂ ਤੋਂ ਮੈਂ ਤੇਰੀਆਂ ਜੁੱਤੀਆਂ ਚਟਾਵਾਂਗਾ ।

*ਬੱਤੀਆਂ ਬੁੱਝ ਕੇ ਜਗਦੀਆਂ ਹਨ । ਹਾਜੀ ਸੁਲਤਾਨ ਤੇ ਰਿਪੋਰਟਰ ਫੇਰ ਪਹਿਲਾਂ ਵਾਂਗ ਖੜੇ ਗੱਲਾਂ ਕਰਦੇ ਦਿਖਾਈ ਦਿੰਦੇ ਹਨ ।*

ਰਿਪੋਰਟਰ : ਹਾਜੀ ਸਾਹਿਬ, ਫੁਟ ਪਾਥ ਧੰਦਾ ਬਹੁਤ ਦਿਲਚਸਪ ਨਿਕਲਿਆ ।

ਹਾਜੀ : ਕੁਦਰਤ ਬਹੁਤ ਰਹਿਮ ਦਿਲ ਹੈ, ਹਨੇਰੇ ਤੋਂ ਬਾਅਦ ਰੋਸ਼ਨੀ ਦਿਖਾ ਦੇਂਦੀ ਹੈ । ਵਰਨਾ ਬੇਸ਼ੁਮਾਰ ਬੰਦੇ ਹਨੇਰੇ ਵਿਚ ਹੀ ਦਮ ਘੁਟ ਕੇ ਮਰ ਜਾਣ ।

ਰਿਪੋਰਟਰ : ਉਸ ਤੋਂ ਬਾਅਦ ਫੇਰ ਕਿਹੜਾ ਪੇਸ਼ਾ ਅਖਤਿਆਰ ਕੀਤਾ ।

ਹਾਜੀ : ਉਸ ਪਿਛੋਂ ਕੰਮ ਦਿਨੋ ਦਿਨ ਵਾਧੇ ਤੇ ਰਿਹਾ । ਨੇਕਬਖ਼ਤ ਬੀਵੀ ਦੇ ਮਿਲਾਪ ਤੋਂ ਬਾਅਦ ਦਿਲ ਨੂੰ ਬਹੁਤ ਤਸਕੀਨ ਮਿਲਿਆ ।

ਰਿਪੋਰਟਰ : ਪਹਿਲੀ ਮੁਲਾਕਾਤ ਤੋਂ ਹੀ ਉਨ੍ਹਾਂ ਦੀਆਂ ਜ਼ਿਹਨੀ ਖੂਬੀਆਂ ਦਾ ਪਤਾ ਲੱਗਾ ਹੈ ।

ਹਾਜੀ : ਚੋਰ ਬਾਜ਼ਾਰੀ ਦੇ ਭੇਦ ਤਾਂ ਖੁਲ੍ਹ ਹੀ ਗਏ ਸਨ, ਮੈਂ ਸਿੱਧਾ ਮਾਲ ਮੰਗਵਾਣ ਲਗ ਪਿਆ । ਬਦੇਸ਼ਾਂ ਦੇ ਦੋ ਚੱਕਰ ਵੀ ਲਾ ਆਂਦੇ ।

ਰਿਪੋਰਟਰ : ਮਸਲਨ ਕਿਹੜੀਆਂ ਕਿਹੜੀਆਂ ਚੀਜ਼ਾਂ ਮੰਗਵਾਣੀਆਂ ਸ਼ੁਰੂ ਕੀਤੀਆਂ ।

ਹਾਜੀ : ਰਿਪੋਰਟਰ ਸਾਹਿਬ, ਕਿਧਰੇ ਮੈਨੂੰ ਫਸਾਉਣ ਦਾ ਵੇਦਾ ਤਾਂ ਨਹੀਂ, ਸਾਰਾ ਭੇਦ ਲੈ ਕੇ ।

ਰਿਪੋਰਟਰ : ਹਰਗਿਜ਼ ਨਹੀਂ ।

ਹਾਜੀ : ਚਲੋ ਮੈਂ ਤੁਹਾਨੂੰ ਆਪਨੀ ਰੋਜ਼ਮੱਰਾ ਦੀ ਜ਼ਿੰਦਗੀ ਦੀ ਇਕ ਝਲਕ ਦਿਖਾਂਦਾ ਹਾਂ ।

ਰਿਪੋਰਟਰ : ਹਾਂ ਹਾਂ, ਜ਼ਰੂਰ ਦਿਖਾਉ ।

*ਬੱਤੀਆਂ ਬੁਝ ਜਾਂਦੀਆਂ ਹਨ । ਮੁੜ ਜਗਦੀਆਂ ਹਨ ਤਾਂ ਹਾਜੀ ਤੇ ਨੂਰਬਾਈ ਬਾਗ ਵਿਚੋਂ ਸੈਰ ਕਰਕੇ ਵਰਾਂਡੇ ਵਿਚ ਆਉਂਦੇ ਦਿਖਾਈ ਦੇਂਦੇ ਹਨ । ਨਿਜੀ ਸਕੱਤਰ ਅਗੋਂ ਮਿਲਦਾ ਹੈ ।*

ਸੈਕਟਰੀ : (ਸਲਾਮ ਕਰਕੇ) ਮਿਰਜ਼ਾ ਸਾਹਿਬ, ਅਜ ਤਾਂ ਸਵਾਲੀਆਂ ਦੀ ਭੀੜ ਲੱਗੀ ਹੋਈ ਹੈ ।

ਨੂਰ : ਇਸ ਦਾ ਮਤਲਬ ਭੁਖ ਨੰਗ ਦਿਨੋਂ ਦਿਨ ਵਾਧੇ ਤੇ ਹੈ ।

ਹਾਜੀ : ਇਸ ਦਾ ਜ਼ਾਹਰਾ ਮਤਲਬ, ਹਿੰਦੁਸਤਾਨ ਵਿਚ ਪਿਛਲੇ 27 ਸਾਲਾਂ ਵਿਚ ਬਹੁਤ ਤਰੱਕੀ ਹੋਈ ਹੈ ।

ਨੂਰ : ਅਮੀਰ ਹੋਰ ਅਮੀਰ ਤੇ ਗ਼ਰੀਬ ਹੋਰ ਗ਼ਰੀਬ ਹੋ ਗਏ ਨੇ ।

ਹਾਜੀ : ਸ਼ੁਕਰ ਕਰ, ਸਾਡੇ ਉੱਤੇ ਅੱਲਾ ਦੀ ਮਿਹਰ ਹੋ ਗਈ ਨਹੀਂ ਤਾਂ ਅਸੀਂ ਵੀ ਕਰੋੜਾਂ ਇਨਸਾਨਾਂ ਮਾਨਦ ਰੁਲਦੇ ਫਿਰਨਾ ਸੀ।

ਸੈਕਟਰੀ : ਬੇਗਮ ਸਾਹਿਬਾ, ਸ਼ਰਾਫਤ ਨਾਲ ਜੀਣਾ ਨਿਹਾਇਤ ਮੁਸ਼ਕਲ ਹੋ ਗਿਆ ਹੈ ।

ਹਾਜੀ : ਇੰਤਜ਼ਾਰ ਕਰਨ ਵਾਲਿਆਂ ਵਿਚ ਰਾਜਸੀ ਭਿਖਾਰੀ ਕਿੰਨੇ ਹੈਂ ?

ਸੈਕਟਰੀ : ਸਿਰਫ ਦੋ ।

ਹਾਜੀ : ਉਨ੍ਹਾਂ ਦੋਹਾਂ ਨੂੰ ਸਭ ਤੋਂ ਅਖੀਰ ਬੁਲਾਣਾ । ਜ਼ਰੂਰ ਜ਼ਲੀਲ ਸ਼ਖਸ ਹੋਣਗੇ । ਉਨ੍ਹਾਂ ਦੀ ਜ਼ਮੀਰ ਨੂੰ ਥੋੜੀ ਠੇਸ ਤਾਂ ਲੱਗੇ ।

ਨੂਰ : ਲੋੜਮੰਦਾਂ ਨੂੰ ਪਰੇਸ਼ਾਨ ਨਾ ਕਰਿਆ ਕਰ ।

ਹਾਜੀ : ਠੀਕ ਕਿਹਾ, ਹਕੀਕੀ ਜ਼ਰੂਰਤ ਮੰਦ ਨੂੰ ਇਕ ਮਿੰਟ ਵਿਚ ਭੁਗਤਾ ਦਿਆ ਕਰ ।

ਸੈਕਟਰੀ : ਪਖੰਡੀ ਸ਼ੋਹਦਿਆਂ ਨੂੰ ਅਸੀਂ ਫੌਰਨ ਤਾੜ ਜਾਂਦੇ ਆਂ । ਮੱਖੀਆਂ ਵਾਂਗ ਉੜਾ ਦੇਂਦੀਦੇ ਨੇ ।

ਹਾਜੀ : ਸ਼ਾਬਾਸ਼, ਠੀਕ ਹੈ ।

ਸੈਕਟਰੀ : ਇਕ ਬੁਰਕੇ ਵਾਲੀ ਔਰਤ ਬਹੁਤ ਰੋਂਦੀ ਹੈ । ਸ਼ਾਇਦ ਉਸ ਦਾ ਖਾਵੰਦ ਮਰ ਗਿਆ ।

ਹਾਜੀ : (ਪਸੀਜ ਕੇ ਨੂਰ ਬਾਈ ਨੂੰ) ਤੁਸੀਂ ਉਸ ਦੀ ਤਕਲੀਫ ਗ਼ੌਰ ਨਾਲ ਸੁਣੋ, ਫੌਰਨ ਜ਼ਰੂਰਤ ਪੂਰੀ ਕਰੋ ।

ਨੂਰ : ਮੈਂ ਖੁਦ ਦੇਖਦੀ ਹਾਂ ।

ਹਾਜੀ : ਹੋਰ ਕੌਣ ਹੈ ?

ਸੈਕਟਰੀ : ਇਕ ਮੌਲਵੀ ਦੇਰ ਤੋਂ ਝਗੜਾ ਕਰ ਰਿਹਾ ।



ਹਾਜੀ : ਚਾਹੁੰਦਾ ਕਿਆ ਹੈ ? ਫੌਰਨ ਮਤਲਬ ਸਮਝਿਆ ਕਰੋ । ਇਸ ਤਰ੍ਹਾਂ ਤਾਂ ਅਸੀਂ ਪਾਗਲ ਹੋ ਜਾਵਾਂਗੇ, ਤਕਰੀਰਾਂ ਸੁਣ ਸੁਣ ਕੇ ।

ਸੈਕਟਰੀ : ਉਸ ਨੇ ਮਜ਼ਦੂਰ ਬਸਤੀ ਵਿਚ ਸਕੂਲ ਖੋਲ ਰਖਿਆ ਹੈ ।

ਹਾਜੀ : ਮਤਲਬ ਰੋਜ਼ੀ ਦਾ ਜ਼ਰੀਆ ਬਣਾਇਆ ਹੋਇਆ ।

ਸੈਕਟਰੀ : ਜੀ ਹਾਂ, ਚੰਦਾ ਲੈਣ ਆਇਆ ਮਲੂਮ ਹੁੰਦਾ ।

ਹਾਜੀ : ਦਰਅਸਲ ਲੋਕਾਂ ਨੂੰ ਸਾਡੀ ਕਮਜ਼ੋਰੀ ਦਾ ਪਤਾ ਲਗ ਗਿਆ। ਖੈਰ ਹੋਰ ਕੌਣ ਹੈ ?

ਸੈਕਟਰੀ : ਕਈ ਨਿਕੇ ਮੋਟੇ ਸਵਾਲੀ ਨੇ, ਤੁਸੀਂ ਚਾਰ ਵਜੇ ਰਣਜੀਤ ਸਟੂਡੀਓ ਵੀ ਪਹੁੰਚਣਾ ਹੈ । ਨਵੀਂ ਫਿਲਮ ਦਾ ਮਹੂਰਤ ਕਰਨਾ ।

ਹਾਜੀ : ਮੈਨੂੰ ਚੰਗੀ ਤਰ੍ਹਾਂ ਯਾਦ ਹੈ । ਜ਼ਰੂਰ ਵਕਤ ਪਰ ਪੁਜਣਾ । ਐਕਟਰਾਂ ਦਾ ਮੈਨੂੰ ਖਾਸ ਖਿਆਲ ਰਹਿੰਦਾ । ਤੂੰ ਜਲਦੀ ਜਲਦੀ ਭੁਗਤਾ । ਪਹਿਲਾਂ ਮੌਲਾਨਾ ਨੂੰ ਬੁਲਾ । ਇਨ੍ਹਾਂ ਲੋਕਾਂ ਤੋਂ ਮੈਨੂੰ ਬਹੁਤ ਡਰ ਲਗਦਾ ।

ਮੌਲਾਨਾ : ਸਲਾਮਾ ਲੈਕਮ ।

ਹਾਜੀ : ਵਾ ਲੈਕਮ ਸਲਾਮ । ਫਰਮਾਓ ਕਿਆ ਹੁਕਮ ਹੈ ?

ਮੌਲਾਨਾ : ਖਾਦਮ ਇਕ ਅਰਜ਼ ਕਰਨ ਆਇਆ । ਔਰ ਹਜ਼ੂਰ ਦੇ ਦੀਦਾਰ ਕੀਤਿਆਂ ਮੁਦਤ ਹੋ ਗਈ ਸੀ ।

ਹਾਜੀ : ਕਿਉਂ ਸ਼ਰਮਿੰਦਾ ਕਰਦੇ ਹੋ, ਮੈਂ ਤਾਂ ਅਦਨਾ ਸਾ ਇਨਸਾਨ ਹਾਂ, ਗੁਨਾਹਾਂ ਦਾ ਭਰਿਆ ਹੋਇਆ ।

ਮੌਲਾਨਾ : ਆਹਲਾ ਇਨਸਾਨ ਜਿਤਨਾ ਉੱਚਾ ਉਠਦਾ ਹੈ, ਉਤਨਾ ਹੀ ਫਲਦਾਰ ਸ਼ਾਖ ਮਾਨਦ ਨੀਚਾ ਹੁੰਦਾ ਹੈ ।

ਹਾਜੀ : ਮੁਖਤਸਿਰ ਦੱਸੋ, ਮੈਂ ਕਿਆ ਖਿਦਮਤ ਕਰ ਸਕਦਾਂ ?

ਮੌਲਾਨਾ : ਗ਼ਰੀਬ ਮਜ਼ਦੂਰਾਂ ਦੇ ਬੱਚਿਆਂ ਵਾਸਤੇ ਇਕ ਮਦਰਸਾ ਖੋਲਿਆ ਸੀ । ਉਸ ਦੀ ਮੌਜੂਦਾ ਹਾਲਤ ਬਹੁਤ ਖਸਤਾ ਹੈ । ਫੌਰੀ ਮਾਲੀ ਇਮਦਾਦ ਦੀ ਜ਼ਰੂਰਤ ਹੈ ।

ਹਾਜੀ : ਕਿਆ ਤੁਸੀਂ ਇਕੱਲੇ ਹੀ ਉਸ ਦੇ ਮੁਨਤਜ਼ਿਮ ਹੋ ?

ਮੌਲਾਨਾ : (ਥਿੜਕ ਕੇ) ਦਰਅਸਲ ਹਾਜੀ ਸਾਹਿਬ, ਬਾਕੀ ਮਿੰਬਰ ਆਪੋ ਆਪਣੇ ਧੰਦੇ ਵਿਚ ਮਸਰੂਫ ਸਨ, ਇਸ ਵਾਸਤੇ ਮੈਂ ਉਨ੍ਹਾਂ ਸ਼ਖਸਾਂ ਨੂੰ ਤਕਲੀਫ

ਨਹੀਂ ਦਿੱਤੀ।

ਹਾਜੀ : ਮੌਲਾਨਾ ਸਾਹਿਬ, ਵਲ ਵਲੇਵੇਂ ਛੱਡੋ, ਸਿੱਧੀ ਤਰ੍ਹਾਂ ਦਸੋ, ਤੁਹਾਨੂੰ ਬਜਾਤੇ ਖ਼ੁਦ ਕਿੰਨਾ ਰੁਪਿਆ ਚਾਹੀਦਾ।

ਮੌਲਾਨਾ : ਦਰਅਸਲ, ਮਿਰਜ਼ਾ ਸਾਹਿਬ, ਮੇਰੀ ਸ਼ਖਸੀ ਕੋਈ ਜ਼ਰੂਰਤ ਨਹੀਂ। ਸਿਰਫ਼ ਦਰਸਗਾਹ ਦੀ ਬਿਲਡਿੰਗ ਔਰ ਉਸਤਾਦਾਂ ਦੀਆਂ ਤਨਖਾਹਾਂ ਵਾਸਤੇ ਰੁਪੈਆ ਦਰਕਾਰ ਹੈ।

ਹਾਜੀ : ਚੰਗਾ ਫੇਰ, ਮੈਂ ਕਲ ਮੌਕਾ ਦੇਖ ਕੇ ਫੈਸਲਾ ਕਰਾਂਗਾ।

ਮੌਲਾਨਾ : (ਘਬਰਾ ਕੇ) ਹਾਜੀ ਸਾਹਿਬ, ਆਪ ਕਿਉਂ ਤਕਲੀਫ ਕਰੋਂਗੇ। ਕਲ ਮੈਂ ਖ਼ੁਦ ਹਾਜ਼ਰ ਹੋ ਜਾਊਂਗਾ।

ਹਾਜੀ : (ਖਹਿੜਾ ਛੁਡਾਣ ਲਈ) ਅੱਛਾ ਸੁਣੋ, ਕਲ ਮੇਰਾ ਕਰਿੰਦਾ ਆਏਗਾ, ਮੌਕਾ ਦੇਖ ਕੇ ਸਾਰੀ ਰਿਪੋਰਟ ਦੇਵੇਗਾ ਔਰ ਫਿਰ ਮੈਂ ਪੂਰੀ ਮਦਦ ਕਰਾਂਗਾ।

ਮੌਲਾਨਾ : ਸੁਭਾਨ ਅੱਲਾ, ਕਿਆ ਬਾਤ ਹੈ ਆਪ ਕੀ ਸਖਾਵਤ ਕੀ।

ਹਾਜੀ : ਇਲਮ ਦੇ ਮਾਮਲੇ ਵਿਚ ਮੈਂ ਖੁਲ੍ਹੇ ਦਿਲ ਪੈਸਾ ਖਰਚ ਕਰਦਾਂ, ਕਿਉਂਕਿ ਮੈਂ ਖੁਦ ਬੇਇਲਮ ਹਾਂ।

ਮੌਲਾਨਾ : ਅੱਲਾ ਦਾ ਨਾਮ ਲਓ ਜੀ, ਆਪ ਤਾਂ ਆਲਮ ਫਾਜ਼ਲ ਹੋ।

ਹਾਜੀ : ਸੁਣੋ, ਫਾਲਤੂ ਬਾਤਾਂ ਲਈ ਮੇਰੇ ਪਾਸ ਵਕਤ ਨਹੀਂ, ਮੇਰੀ ਇਕੋ ਸ਼ਰਤ ਹੋਵੇਗੀ।

ਮੌਲਾਨਾ : ਫਰਮਾਓ।

ਹਾਜੀ : ਸਕੂਲ ਚਲਾਣ ਲਈ ਤੰਗ ਨਜ਼ਰੀਆ ਨਹੀਂ ਰਖਣਾ, ਮੁਫਲਿਸੀ ਵਿਚ ਸਭ ਇਨਸਾਨ ਯਕਸਾਂ ਹਨ। ਗਰੀਬਾਂ ਦਾ ਇਕੋ ਮਜ਼ਹਬ ਹੁੰਦਾ। ਤੁਸੀਂ ਹਿੰਦੂ, ਮੁਸਲਮਾਨ, ਸਿਖ, ਈਸਾਈ ਬੱਚਿਆਂ ਵਿਚ ਫਰਕ ਨਹੀਂ ਰਖਣਾ ਹੋਵੇਗਾ।

ਮੌਲਾਨਾ : ਹਰਗਿਜ਼ ਨਹੀਂ। ਮੈਂ ਅੱਗੇ ਹੀ ਬਹੁਤ ਫ਼ਰਾਖਦਿਲ ਹਾਂ। ਫੇਰ ਵੀ ਆਪ ਦੇ ਹੁਕਮ ਦੀ ਪੂਰੀ ਤਾਮੀਲ ਕੀਤੀ ਜਾਵੇਗੀ। ਸ਼ਿਕਾਇਤ ਦਾ ਕੋਈ ਮੌਕਾ ਨਹੀਂ ਦਿੱਤਾ ਜਾਵੇਗਾ। ਕਿਆ ਬਾਦਸ਼ਾਹਾਂ ਦੇ ਘਰੋਂ ਮੈਂ ਖਾਲੀ ਹਥ ਜਾਵਾਂਗਾ?



ਹਾਜੀ : (ਸਕੱਤਰ ਨੂੰ ਇਸ਼ਾਰਾ ਕਰਦਾ ਹੋਇਆ) ਬਾਹਰ ਲੈ ਜਾਓ। ਰਾਜਸੀ ਨੇਤਾ ਨੂੰ ਭੇਜ ਦਿਓ।

ਰਾਓ : ਆਦਾਬ ਅਰਜ਼! ਹਾਜੀ ਸਾਹਿਬ, ਦਾਸ ਨੂੰ ਭੁਲ ਗਏ ਮਲੂਮ ਹੁੰਦੇ ਹੋ।

ਹਾਜੀ : ਮੁਆਫ ਕਰਨਾ ਵੈਨਕਟ ਰਾਓ ਸਾਹਿਬ, ਆਪ ਨੂੰ ਬਹੁਤ ਇੰਤਜ਼ਾਰ ਕਰਨੀ ਪਈ।

ਰਾਓ : ਕੋਈ ਬਾਤ ਨਹੀਂ, ਬੜੇ ਲੋਕਾਂ ਪਾਸ ਵਕਤ ਦੀ ਹਮੇਸ਼ਾ ਕਮੀ ਰਹਿੰਦੀ ਹੈ।

ਹਾਜੀ : ਰਾਓ ਸਾਹਿਬ, ਮਤਲਬ ਵੇਲੇ ਅਸੀਂ ਮੁਅਜ਼ਿਜ਼, ਵੈਸੇ ਲੋਕਾਂ ਦੀਆਂ ਨਜ਼ਰਾਂ ਵਿਚ ਬੁਰੇ, ਕਮੀਨੇ, ਕਿਉਂਕਿ ਕਾਲਾ ਧੰਦਾ ਜੋ ਕਰਦੇ ਆਂ।

ਰਾਓ : ਰਾਮ ਰਾਮ! ਤੁਸੀਂ ਤਾਂ ਬੰਬਈ ਦੇ ਚੰਦ ਸਤਿਕਾਰ ਯੋਗ ਪੁਰਸ਼ਾਂ ਵਿਚੋਂ ਹੋ। ਤੁਹਾਡੀਆਂ ਫਿਲਮਾਂ ਦੇ ਪ੍ਰੀਮੀਅਰ ਦੇਖਣ ਲਈ ਤਾਂ ਕੇਂਦਰੀ ਮੰਤਰੀ ਫਖ਼ਰ ਸਮਝਦੇ ਨੇ।

ਹਾਜੀ : ਰਾਓ ਸਾਹਿਬ, ਪੈਸੇ ਨਾਲ ਇਕ ਲੁੱਚਾ ਲਫੰਗਾ ਵੀ ਇੱਜ਼ਤਦਾਰ ਬਣ ਜਾਂਦਾ, ਬਿਨਾਂ ਪੈਸੇ ਸ਼ਰੀਫ ਦਿਆਨਤਦਾਰ ਵੀ ਅਵਾਰਾ ਸਮਝਿਆ ਜਾਂਦਾ।

ਰਾਓ : ਹਾਜੀ ਸਾਹਿਬ, ਪਿਛਲੀਆਂ ਗੱਲਾਂ ਛੱਡੋ। ਪਿਛਲੇ ਜਨਮ ਵਿਚ ਪਤਾ ਨਹੀਂ ਕੌਣ ਕੀ ਕੁਛ ਸੀ।

ਹਾਜੀ : ਫਰਮਾਓ, ਕਿਸ ਤਰ੍ਹਾਂ ਤਸ਼ਰੀਫ ਲਿਆਏ?

ਰਾਓ : ਹਾਜੀ ਸਾਹਿਬ, ਮੈਂ ਤੁਹਾਡੇ ਹਲਕੇ ਵਿਚੋਂ ਇਲੈਕਸ਼ਨ ਲੜ ਰਿਹਾਂ।

ਹਾਜੀ : ਖੁਸ਼ੀ ਭਰੀ ਖ਼ਬਰ ਹੈ!

ਰਾਓ : (ਬੜੇ ਉਤਸ਼ਾਹ ਨਾਲ) ਤੁਸੀਂ ਅਜੇ ਤਕ ਕਿਸੇ ਨਾਲ ਵਹਿਦਾ ਤਾਂ ਨਹੀਂ ਕੀਤਾ?

ਹਾਜੀ : ਮੈਂ ਪੁਛ ਸਕਦਾਂ, ਕਿਸ ਪਾਰਟੀ ਤਰਫੋਂ ਖੜੇ ਹੋ ਰਹੇ ਹੋ?

ਰਾਓ : ਤੁਹਾਨੂੰ ਪਤਾ, ਮੈਂ ਜਨਤਾ ਦਾ ਸਾਂਝਾ ਸੇਵਕ ਹਾਂ। ਇਸ ਵਾਸਤੇ ਮੈਂ ਆਜ਼ਾਦ ਉਮੀਦਵਾਰ ਖੜਨਾ ਚਾਹੁੰਦਾਂ।

ਹਾਜੀ : ਮੇਰਾ ਖਿਆਲ ਹੈ ਕਿਸੇ ਪਾਰਟੀ ਦੇ ਟਿਕਟ ਤੋਂ ਬਗੈਰ ਤੁਹਾਡਾ ਕਾਮਯਾਬ ਹੋਣਾ ਮੁਸ਼ਕਲ ਹੈ।

ਰਾਓ : ਹਾਜੀ ਸਾਹਿਬ, ਮੇਰਾ ਬਹੁਤ ਅਸਰ ਰਸੂਖ ਹੈ। ਮੈਂ ਜਨਤਾ ਦੀ ਸੇਵਾ ਵਿਚ ਉਮਰ ਗਾਲੀ ਹੈ।

ਹਾਜੀ : ਮੁਆਫ਼ ਕਰਨਾ, ਅਸੀਂ ਕਈ ਦਫ਼ਾ ਸਖ਼ਤ ਗ਼ਲਤ ਫ਼ਹਿਮੀ ਦਾ ਸ਼ਿਕਾਰ ਹੁੰਦੇ ਹਾਂ। ਜਿਥੇਂ ਤਕ ਮੈਨੂੰ ਇਲਮ ਹੈ, ਲੋਕਾਂ ਦੀ ਤੁਹਾਡੇ ਬਾਰੇ ਚੰਗੀ ਰਾਏ ਨਹੀਂ।

ਰਾਓ : (ਤਲ ਮਿਲਾ ਕੇ) ਇਹ ਤੁਸੀਂ ਕਿਸ ਤਰ੍ਹਾਂ ਕਹਿ ਸਕਦੇ ਹੋ!

ਹਾਜੀ : ਰਾਓ ਸਾਹਿਬ; ਮੇਰੇ ਦੋ ਕੰਨ ਔਰ ਦੋ ਅੱਖਾਂ ਨੇ। ਅੱਲਾ ਨੇ ਥੋੜ੍ਹਾ ਬਹੁਤਾ ਦਿਮਾਗ ਵੀ ਦਿੱਤਾ ਹੋਇਆ।

ਰਾਓ : ਹਾਜੀ ਸਾਹਿਬ, ਮੇਰੇ ਰਾਜਸੀ ਦੁਸ਼ਮਨਾਂ ਦੀਆਂ ਗੱਲਾਂ ਮਗਰ ਮਤ ਜਾਓ। ਇਸ ਤਰ੍ਹਾਂ ਤਾਂ ਲੋਕ ਤੁਹਾਡੇ ਬਾਰੇ ਵੀ ਬਹੁਤ ਗੱਲਾਂ ਕਰਦੇ ਨੇ।

ਹਾਜੀ : ਮੈਂ ਆਪਣੇ ਆਪ ਨੂੰ ਕਦੇ ਪਾਕੀਜ਼ਾ ਜ਼ਾਹਰ ਨਹੀਂ ਕਰਦਾ। ਮੈਂ ਨਾਮੀ ਬਦਮਾਸ਼ ਹਾਂ। ਜਾਹਲਸਾਜ਼ੀ ਔਰ ਕਤਲ ਦੇ ਕੇਸਾਂ ਵਿਚ ਕੈਦ ਵੀ ਕੱਟ ਚੁੱਕਾਂ। ਸਮਗਲਿੰਗ ਰਾਹੀਂ ਸਾਰੀ ਦੌਲਤ ਕਮਾਈ ਹੋਈ ਹੈ।

ਰਾਓ : (ਬਦਲ ਕੇ) ਤੁਸੀਂ ਗੁੱਸਾ ਕੀਤਾ ਮੇਰੀ ਗੱਲ ਦਾ, ਮੈਂ ਆਪਣੀ ਰਾਏ ਨਹੀਂ ਕਹੀ, ਪਬਲਕਿ ਦੀ ....

ਹਾਜੀ : ਮੈਂ ਜ਼ਾਹਰਦਾਰੀ ਦੇ ਬਰਖਿਲਾਫ਼ ਹਾਂ।

ਰਾਓ : ਹਾਜੀ ਸਾਹਿਬ, ਇਕ ਗੱਲ ਮੈਂ ਤੁਹਾਨੂੰ ਸਪਸ਼ਟ ਤੌਰ ਤੇ ਦਸਣਾ ਚਾਹੁੰਦਾ, ਜੇ ਮੈਂ ਜਿੱਤ ਗਿਆ ਤਾਂ ਤੁਹਾਡਾ ਬਿਜ਼ਨੈਸ ਦੂਣ ਸਵਾਇਆ ਹੋਵੇਗਾ। ਬਹਿਸ਼ਤ ਦੇ ਦਰਵਾਜ਼ੇ ਖੋਲ ਦਿਆਂਗਾ।

ਹਾਜੀ : ਬਾਕੀ ਉਮੀਦਵਾਰ ਇਸ ਨਾਲੋਂ ਵੀ ਆਲੀਸ਼ਾਨ ਸਬਜ਼ ਬਾਗ ਦਿਖਾ ਗਏ ਨੇ।

ਰਾਓ : ਤੁਸੀਂ ਮੈਨੂੰ ਅਜੇ ਤਕ ਅਜ਼ਮਾ ਕੇ ਨਹੀਂ ਦੇਖਿਆ।

ਹਾਜੀ : ਰਾਓ ਸਾਹਿਬ, ਤੁਹਾਨੂੰ ਮਦਦ ਦੀ ਕਿਆ ਜ਼ਰੂਰਤ ਹੈ। ਤੁਹਾਨੂੰ ਆਪਣੇ ਧੰਦੇ ਵਿਚੋਂ ਲੱਖਾਂ ਦੀ ਆਮਦਨ ਹੈ।

ਰਾਓ : ਸਤਿਆਨਾਸ ਪਾਤਰੋ ਦਾ, ਜਦੋਂ ਸ਼ਰਾਬ ਨੋਸ਼ੀ ਤੇ ਪਾਬੰਦੀ ਹਟਾਈ ਹੈ, ਬਿਜ਼ਨੈਸ ਤਬਾਹ ਹੋ ਗਿਆ। ਸਾਰਾ ਧਿਆਨ ਜਨਤਕ ਕੰਮਾਂ ਵਲ ਹੋਣ ਕਰਕੇ ਹੋਟਲਾਂ ਦੀ ਆਮਦਨ ਵੀ ਘੱਟ ਗਈ।



ਹਾਜੀ : ਤੁਸੀਂ ਹੋਰ ਵੀ ਕਈ ਜਾਇਜ਼ ਨਾਜਾਇਜ਼ ਧੰਦੇ ਕਰਦੇ ਹੋ।

ਰਾਓ : ਜਦੋਂ ਦਾ ਇਲੈਕਸ਼ਨ ਲਈ ਖੜਨ ਦਾ ਇਰਾਦਾ ਬਣਾਇਆ, ਸਭ ਨਾਜਾਇਜ਼ ਕੰਮ ਬੰਦ ਕਰ ਦਿਤੇ ਨੇ।

ਹਾਜੀ : ਕਿਆ ਅੰਦਾਜ਼ਾ ਹੈ, ਇਲੈਕਸ਼ਨ ਤੇ ਕਿਤਨਾ ਖਰਚਾ ਆਵੇਗਾ?

ਰਾਓ : ਇਹ ਚੋਣ ਜਿੱਤਣ ਲਈ ਵੀਹ ਪੰਝੀ ਲੱਖ ਕਾਫ਼ੀ ਹੈ।

ਹਾਜੀ : ਫੇਰ ਕਿਸੇ ਪਾਰਟੀ ਦੀ ਮਦਦ ਤੋਂ ਬਿਨਾਂ ਕਿੱਦਾ ਮੁਮਕਿਨ ਹੋਵੇਗਾ?

ਰਾਓ : ਦਸ ਪੰਦਰਾਂ ਲੱਖ ਦਾ ਬੰਦੋਬਸਤ ਤਾਂ ਮੈਂ ਖੁਦ ਕੀਤਾ ਹੋਇਆ।

ਹਾਜੀ : ਜਨਾਬ, ਤੁਸੀਂ ਸਰਾਸਰ ਗ਼ਲਤ ਫ਼ਹਿਮੀ ਵਿਚ ਹੋ। ਕਾਂਗਰਸ, ਕਮਿਊਨਿਸਟ, ਜਾਂ ਸ਼ਿਵ ਸੈਨਾ ਦੇ ਮੁਕਾਬਲੇ ਵਿਚ ਕਾਮਯਾਬ ਹੋਣ ਲਈ ਕਮ ਅਜ਼ ਕਮ 60 ਲੱਖ ਰੁਪਿਆ ਚਾਹੀਦਾ। ਪਿਛਲੀ ਅਲੈਕਸ਼ਨ ਵਿਚ ਆਪਣੇ ਉਮੀਦਵਾਰ ਨੂੰ ਜਿਤਾਣ ਲਈ ਮੈਂ ਇਕ ਕਰੋੜ ਖ਼ਰਚ ਕੀਤਾ ਸੀ। ਮੈਂ ਸਲਾਹ ਦਿੰਦਾ, ਤੁਸੀਂ ਅਪਣਾ ਕੰਮ ਧੰਦਾ ਜਾਰੀ ਰੱਖੋ, ਕਿਉਂ ਪੂੰਜੀ ਬਰਬਾਦ ਕਰਦੇ ਹੋ?

ਰਾਓ : ਹਾਜੀ ਸਾਹਿਬ, ਇਹ ਵੀ ਤਾਂ ਇਨਵੈਸਟਮੈਂਟ ਹੈ, ਸਭ ਤੋਂ ਭਾਰਾ ਬਾਇਜ਼ਤੀ ਬਿਜ਼ਨੈਸ। ਇਕ ਕਰੋੜ ਖ਼ਰਚ ਕੇ ਸਹਿਜੇ ਹੀ ਦੋ ਕਰੋੜ ਮੁੜ ਸਕਦਾ ਹੈ। ਇਹ ਸੀਟ ਵੀ ਤੁਸੀਂ ਆਪਣੀ ਸਮਝੋ। ਚਲੋ ਉਧਾਰ ਹੀ ਦੇ ਦਿਉ, ਦੁਗਣੇ ਵਾਪਸ ਦਿਆਂਗਾ।

ਹਾਜੀ : ਮੈਂ ਅਜੇ ਤਕ ਫੈਸਲਾ ਨਹੀਂ ਕਰ ਸਕਿਆ, ਕਿਸ ਉਮੀਦਵਾਰ ਦੀ ਮਦਦ ਕਰਨੀ ਹੈ। ਸੋਚਣ ਦਾ ਮੌਕਾ ਦਿਉ, ਜੁਮੇਰਾਤ ਤਸ਼ਰੀਫ਼ ਲਿਆਉਣਾ।

ਰਾਓ : ਮੈਂ ਸੌ ਦਫ਼ਾ ਖਿਦਮਤ ਵਿਚ ਹਾਜ਼ਰ ਹੋਵਾਂਗਾ।

(ਖੁਸ਼ੀ ਖੁਸ਼ੀ ਜਾਂਦਾ ਹੈ।)

ਨੂਰ : ਕੌਣ ਸੀ ਉੱਚੀ ਉੱਚੀ ਗੱਲਾਂ ਕਰਦਾ?

ਹਾਜੀ : ਰਾਜਸੀ ਲੀਡਰ ਹੀ ਫੜਾਂ ਮਾਰ ਸਕਦੇ ਨੇ, ਹੋਰ ਕੌਣ। ਨਹਾਇਤ ਜ਼ਲੀਲ ਆਦਮੀ ਹੈ।

ਨੂਰ : ਕੰਮ ਕਿਆ ਕਰਦਾ ?

ਹਾਜੀ : ਵਿਮੈਨ ਔਰ ਵਾਈਨ ਦਾ ਧੰਦਾ ਪਿਟਦਾ । ਕਪੜੇ ਦੇਖ ਕੇ ਬੰਦਾ ਭੁਲ ਜਾਂਦਾ ਹੈ । ਪੈਰ ਛੋਹਣ ਨੂੰ ਦਿਲ ਕਰਦਾ ਹੈ ।

ਨੂਰ : ਤੁਸੀਂ ਅਜੇਹੇ ਬਦਜ਼ਾਤ ਦੀ ਮਦਦ ਕਿਉਂ ਕਰਦੇ ਹੋ ।

ਹਾਜੀ : ਕੌਣ ਕਰਦਾ ਹੈ । ਮਗਰੋਂ ਵੀ ਲਾਹੁਣਾ ਸੀ ਕਿਸੇ ਤਰ੍ਹਾਂ । ਅਸੀਂ ਅਜੇਹੇ ਪਖੰਡੀਆ ਨਾਲੋਂ ਹਜ਼ਾਰ ਦਰਜੇ ਬਿਹਤਰ ਹਾਂ ਕਮ ਅਜ਼ ਕਮ ਧੋਖਾ ਤਾਂ ਨਹੀਂ ਦਿੰਦੇ । ਇਕ ਵੇਸਵਾ ਵੀ ਸੁਸਾਇਟੀ ਗਰਲ ਨਾਲੋਂ ਚੰਗੀ ਹੁੰਦੀ ਹੈ । ਅਸੀਂ ਗਜ ਵਜਾ ਕੇ ਕਾਲਾ ਧੰਦਾ ਕਰਦੇ ਆਂ । ਸਰਕਾਰ ਨਾਲ ਸਿੱਧੀ ਟੱਕਰ ਹੈ । ਬਾਹਰੋਂ ਪੈਸਾ ਲਿਆ ਕੇ ਮੁਲਕ ਨੂੰ ਮਾਲਾ ਮਾਲ ਕਰਦੇ ਆਂ ।

ਸੈਕਟਰੀ : ਹੁਕਮ ਹੋਵੇ ਤਾਂ ਪੁਲੀਸ ਇੰਨਸਪੈਕਟਰ ਨੂੰ ਭੇਜਾਂ, ਦੋ ਘੰਟਿਆਂ ਤੋਂ ਇੰਤਜ਼ਾਰ ਕਰ ਰਿਹਾ ।

ਹਾਜੀ : ਹਾਂ ਬੁਲਾ, ਬਹੁਤੇਰੀ ਹੋ ਚੁਕੀ ਹੈ ।

ਇੰਨਸਪੈਕਟਰ : ਆਦਾਬ ਅਰਜ਼, ਮਿਰਜ਼ਾ ਸਾਹਿਬ ।

ਹਾਜੀ : (ਸਿਰ ਨਾਲ ਉਤਰ ਦਿੰਦਾ ਹੋਇਆ) ਸੁਣਾਓ ਖਵਾਜਾ ਸਾਹਿਬ, ਕਿਸ ਤਰ੍ਹਾਂ ਆਉਣਾ ਹੋਇਆ ?

ਖਵਾਜਾ : ਆਪ ਜੈਸੇ ਬਜ਼ੁਰਗਾਂ ਦੀ ਮਜ਼ਾਜ ਪੁਰਸ਼ੀ ਲਈ ਹਾਜ਼ਰ ਹੋਇਆ ਹਾਂ ।

ਹਾਜੀ : (ਨੂਰ ਬਾਈ ਨੂੰ) ਪਤਾ ਇਹ ਕੌਣ ਸ਼ਖਸ ਹੈ ?

ਨੂਰ : ਨਹੀਂ !

ਹਾਜੀ : ਜਦੋਂ ਮੈਂ ਛੋਟਾ ਹੁੰਦਾ ਸੀ ਤਾਂ ਇਹ ਮਾਮੂਲੀ ਸਿਪਾਹੀ ਸੀ । ਗ਼ਰੀਬਾਂ ਦੀਆਂ ਖੱਲੀਆਂ ਉਖਾੜ ਕੇ ਇਨ੍ਹਾਂ ਅਫਸਰਾਂ ਨੂੰ ਖੁਸ਼ ਕੀਤਾ ਔਰ ਆਹਲਾ ਰੁਤਬਾ ਹਾਸਲ ਕੀਤਾ ।

ਖਵਾਜਾ : ਜਨਾਬ, ਕਿਉਂ ਸ਼ਰਮਿੰਦਾ ਕਰਦੇ ਹੋ । ਸਰਕਾਰੀ ਡਿਊਟੀ ਭੁਗਤਾਉਣੀ ਪੈਂਦੀ ਹੈ ।

ਹਾਜੀ : ਸਰਕਾਰੀ ਵਰਦੀ ਪਹਿਨ ਕੇ ਤੁਸੀਂ ਇਨਸਾਨ ਨੂੰ ਇਨਸਾਨ ਖਿਆਲ ਨਹੀਂ ਕਰਦੇ । ਹਵਸ ਤੇ ਹਕੂਮਤ ਦੇ ਨਸ਼ੇ ਵਿਚ ਤੁਸੀਂ ਲੋਕ ਸਭ ਕਾਇਦੇ ਕਾਨੂੰਨ ਭੁਲ ਜਾਂਦੇ ਹੋ ।



ਖਵਾਜਾ : ਮਿਰਜ਼ਾ ਸਾਹਿਬ, ਭਾਰਤੀ ਪੁਲਿਸ ਖਾਹਮਖਾਹ ਬਦਨਾਮ ਹੈ । ਸਖਤੀ ਤੋਂ ਬਿਨਾਂ ਹਰਗਿਜ਼ ਕੰਮ ਨਹੀਂ ਚਲਦਾ ।

ਹਾਜੀ : ਮੈਂ ਕਿਧਰੇ ਜ਼ਰੂਰੀ ਕੰਮ ਤੇ ਜਾਣਾ । ਮੁਖਤਸਿਰ ਤੌਰ ਤੇ ਦੱਸੋ, ਮੈਂ ਕਿਆ ਖਿਦਮਤ ਕਰ ਸਕਦਾਂ ।

ਖਵਾਜਾ : ਮਿਰਜ਼ਾ ਸਾਹਿਬ, ਮੈਂ ਸਖਤ ਮੁਸ਼ਕਿਲ ਵਿਚ ਘਿਰਿਆ ਹੋਇਆਂ । ਚੰਦ ਮਹੀਨੇ ਮੇਰੀ ਸਰਵਿਸ ਦੇ ਰਹਿ ਗਏ ਨੇ, ਮੈਨੂੰ ਮੁਅੱਤਲ ਕੀਤਾ ਗਿਆ ਹੈ ।

ਹਾਜੀ : ਜ਼ਰੂਰ ਕੋਈ ਭਾਰੀ ਕਾਰਨਾਮਾ ਕੀਤਾ ਹੋਵੇਗਾ ਜਾਂ ਗ਼ਰੀਬ ਮਾਰ ਕੀਤੀ ਹੋਊ ।

ਖਵਾਜਾ : ਮਿਰਜ਼ਾ ਸਾਹਿਬ, ਗ਼ਰੀਬਾਂ ਤੇ ਮੈਂ ਕਦੀ ਜ਼ੁਲਮ ਨਹੀਂ ਕੀਤਾ, ਮੈਨੂੰ ਹਥ ਲਗ ਚੁਕੇ ਨੇ ।

ਹਾਜੀ : ਫੇਰ ਹੋਰ ਕਿਆ ਬਾਤ ਹੈ ?

ਖਵਾਜਾ : ਮੇਰੇ ਮਤਹਿਤ ਨੇ ਤਰੱਕੀ ਖ਼ਾਤਰ ਮੇਰੇ ਉਤੇ ਝੂਠਾ ਕੇਸ ਬਣਾ ਦਿਤਾ ਹੈ ।

ਹਾਜੀ : ਫਿਰ ਇਸ ਵਿਚ ਮੈਂ ਕਿਆ ਕਰ ਸਕਦਾਂ ?

ਖਵਾਜਾ : ਤੁਸੀਂ ਸਭ ਕੁਛ ਕਰ ਸਕਦੇ ਹੋ । ਐਸਾ ਕਿਹੜਾ ਕੰਮ ਹੈ ਜੋ ਬੰਬਈ ਤੁਸੀਂ ਨਹੀਂ ਕਰ ਸਕਦੇ । ਮੇਰੀ ਸਿਫਾਰਸ਼ ਕਰੋ ਵਰਨਾ ਮੈਂ ਬਰਬਾਦ ਹੋ ਜਾਵਾਂਗਾ ।

ਹਾਜੀ : ਸਭ ਤੋਂ ਵੱਡੀ ਸਿਫਾਰਸ਼ ਤਾਂ ਅਜ ਕਲ ਚਾਂਦੀ ਦੀ ਜੁੱਤੀ ਹੈ । ਪਰ ਤੁਹਾਡੀ ਮਦਦ ਕਰਨ ਲਈ ਮੇਰੀ ਜ਼ਮੀਰ ਇਜਾਜ਼ਤ ਨਹੀਂ ਦੇਂਦੀ ।

ਖਵਾਜਾ : (ਪੈਰ ਫੜ ਕੇ) ਹਾਜੀ ਸਾਹਿਬ, ਇਨਸਾਨ ਗੁਨਾਹਗਾਰ ਹੈ, ਮੈਂ ਤੌਬਾ ਕਰਦਾ ਹਾਂ, ਮੇਰੀ ਮਦਦ ਕਰੋ ।

ਹਾਜੀ : (ਪਸੀਜ ਕੇ) ਕੇਸ ਨੂੰ ਠਪ ਕਰਨ ਲਈ ਕਿੰਨੀ ਰਕਮ ਚਾਹੀਦੀ ਹੈ ?

ਖਵਾਜਾ : ਕਮ ਅਜ਼ ਕਮ ਦਸ ਹਜ਼ਾਰ ।

ਹਾਜੀ : ਦਿਨ ਰਾਤ ਲੋਕਾਂ ਦੇ ਖੂਨ ਵਿਚ ਹਥ ਰੰਗਦੇ ਹੋ, ਐਨੀ ਰੋਕਮ ਵੀ ਜਮਾਂ ਨਹੀਂ ਕੀਤੀ ।

ਖਵਾਜਾ : ਮਿਰਜ਼ਾ ਸਾਹਿਬ, ਸਚ ਜਾਣੋ, ਤਨਖਾਹ ਨਾਲ ਗੁਜ਼ਾਰਾ ਨਹੀਂ ਹੁੰਦਾ । ਹਰਾਮ ਦੀ ਕਮਾਈ ਦੀ ਕੋਈ ਬਰਕਤ ਨਹੀਂ ਹੁੰਦੀ ।

ਹਾਜੀ : ਤੇਰੀ ਮਾਂ ਜ਼ਿੰਦਾ ਹੈ ?

ਖਵਾਜਾ : ਜੀ ਹਾਂ, ਨਹਾਇਤ ਬਜ਼ੁਰਗ ਹੈ ।

ਹਾਜੀ : ਜੇ ਤੇਰੀਆਂ ਅੱਖਾਂ ਸਾਹਮਣੇ ਕੋਈ ਜ਼ਾਲਮ ਉਸ ਨਾਲ ਬਦਫੈਲੀ ਕਰੇ, ਤੂੰ ਉਸ ਨਾਲ ਕਿਆ ਸਲੂਕ ਕਰੇਂ ? ਜਵਾਬ ਦੇ !

ਖਵਾਜਾ : ਮੈਂ ਉਸ ਦਾ ਸਿਰ ਕਲਮ ਕਰ ਦਿਆਂ ।

ਹਾਜੀ : ਫੇਰ ਮੈਥੋਂ ਤੂੰ ਕਿਸ ਸਲੂਕ ਦੀ ਉਮੀਦ ਰਖਦਾਂ ?

ਖਵਾਜਾ : ਮੈਂ ਆਪ ਦਾ ਇਸ਼ਾਰਾ ਨਹੀ ਸਮਝਿਆ ।

ਹਾਜੀ : ਤੂੰ ਮੈਨੂੰ ਨਹੀਂ ਪਹਿਚਾਨਦਾ, ਪਰ ਮੈਂ ਤੇਰਾ ਮਨਹੂਸ ਚਿਹਰਾ ਸਤ ਜਨਮ ਨਹੀਂ ਭੁੱਲ ਸਕਦਾ ।

ਖਵਾਜਾ : ਅੱਵਲ ਤਾਂ ਮੈ ਇਸ ਗੁਨਾਹ ਦਾ ਭਾਗੀ ਨਹੀਂ । ਵੈਸੇ ਨਾਦਾਨ ਜਵਾਨੀ ਵਿਚ ਭੁੱਲੜ ਬੰਦੇ ਤੋਂ ਕਈ ਗ਼ਲਤੀਆਂ ਹੋ ਜਾਂਦੀਆਂ ।

ਹਾਜੀ : ਕਾਤਲ ਨੂੰ ਵੀ ਕੋਈ ਮੁਆਫ ਕਰ ਸਕਦਾ ?

ਖਵਾਜਾ : ਹਾਂ, ਤੁਹਾਡੇ ਵਰਗਾ ਨੇਕ ਔਰ ਰਹਿਮ ਦਿਲ ਇਨਸਾਨ ।

ਹਾਜੀ : (ਨਰਮ ਪੈ ਕੇ) ਇਕੋ ਸ਼ਰਤ ਤੇ ਮੈਂ ਤੇਰਾ ਗੁਨਾਹ ਮੁਆਫ ਕਰ ਸਕਦਾਂ ।

ਖਵਾਜਾ : ਜੋ ਹੁਕਮ ਕਰੋ, ਬਿਨਾ ਹੀਲ ਹੁੱਜਤ ਕਰਨ ਨੂੰ ਤਿਆਰ ਹਾਂ । ਜਦੋਂ ਤਕ ਜੀਊਂਦਾ ਰਹਾਂਗਾ, ਇਹਸਾਨ ਨਹੀਂ ਭੁੱਲਾਂਗਾ ।

ਹਾਜੀ : ਹਕੀਰ ਇਨਸਾਨ, ਮਤਲਬ ਲਈ ਹੁਣ ਤੂੰ ਆਪਨੀ ਬੀਵੀ ਵੀ ਪੇਸ਼ ਕਰ ਦੇਵੇਂਗਾ ।

ਨੂਰ : ਹੁਣ ਮੁਆਫ ਕਰੋ, ਬਹੁਤ ਹੋ ਗਈ ਵਿਚਾਰੇ ਨਾਲ ।

ਹਾਜੀ : ਤੁਸੀਂ ਚੁਪ ਰਹੋ ਜੀ । ਇਸ ਨੂੰ ਦੇਖ ਕੇ ਮੇਰਾ ਖ਼ੂਨ ਖੌਲ ਉਠਿਆ ਹੈ । ਅਪਨੇ ਦਿਲ ਨੂੰ ਟਿਕਾਣੇ ਲਿਆਉਣ ਲਈ ਮੈਂ ਇਸ ਸ਼ਖਸ ਨੂੰ ਨਰਮ ਤੋਂ ਨਰਮ ਸਜ਼ਾ ਦੇਵਾਂਗਾ । ਬੋਲ ਮਨਜ਼ੂਰ ਹੈ ?

ਖਵਾਜਾ : ਹੁਕਮ ਦਿਉ,ਮੈਂ ਆਪਨੇ ਗੁਨਾਹਾਂ ਤੋਂ ਤੋਬਾ ਕਰਨਾ ਚਾਹੁੰਦਾਂ ।

ਹਾਜੀ : ਸਮਝ ਲਓ, ਤੁਸੀਂ ਇਸ ਔਰਤ ਨਾਲ ਜ਼ਬਰਜਨਾਹ ਕੀਤਾ । ਇਸ ਔਰਤ ਤੋਂ ਕਿਸ ਤਰ੍ਹਾਂ ਮੁਆਫੀ ਮੰਗੋਗੇ ?

ਖਵਾਜਾ : ਮੈਂ ਇਹਨਾਂ ਦੇ ਕਦਮਾਂ ਵਿਚ ਗਿਰ ਕੇ ਰਹਿਮ ਦੀ ਦੁਆ ਕਰਾਂਗਾ । ਔਰਤ ਬਹੁਤ ਰਹਿਮ ਦਿਲ ਹੁੰਦੀ ਹੈ ।



ਹਾਜੀ : ਮਜ਼ਲੂਮ ਔਰਤ ਪੱਥਰ ਵਾਂਗ ਸਖਤ ਵੀ ਹੁੰਦੀ ਹੈ ।

ਖਵਾਜਾ : ਮੈਂ ਉਸ ਔਰਤ ਦੀਆਂ ਜੁੱਤੀਆਂ ਚੱਟ ਕੇ ਮੁਆਫੀ ਮੰਗਾਂਗਾ ।

ਹਾਜੀ : ਫੇਰ ਤੁਸੀਂ ਜ਼ਮੀਨ ਤੇ ਲੇਟ ਕੇ ਇਨ੍ਹਾਂ ਦੀ ਜੁੱਤੀ ਆਪਨੀ ਜੀਭ ਨਾਲ ਚੱਟੋ ।

ਨੂਰ : ਹਜ਼ੂਰ ਆਕਾ ! ਐਨੇ ਬੇਰਹਿਮ ਨਾ ਹੋਵੋ । ਤੁਸੀਂ ਕਦੇ ਵੀ ਐਨੇ ਗੁੱਸੇ ਵਿਚ ਨਹੀਂ ਦੇਖੇ ।

ਹਾਜੀ : (ਇਨਸਪੈਕਟਰ ਨੂੰ) ਉਠ ਕੇ ਖੜੇ ਹੋ ਜਾਓ । ਮੇਰੀਆਂ ਅੱਖਾਂ ਵਿਚ ਖੂਨ ਉਤਰ ਆਇਆ ਸੀ । ਮੈਂ ਗੁੱਸੇ ਨਾਲ ਪਾਗਲ ਹੋ ਗਿਆ ਸੀ । ਸ਼ੁਕਰ ਹੈ ਮੈਂ ਕੁਛ ਕਰ ਨਹੀਂ ਬੈਠਾ । ਜਾਓ, ਕਲ ਆ ਕੇ ਰੁਪਏ ਲੈ ਜਾਣੇ । (ਨੂਰ ਬਾਈ ਨੂੰ) ਮੈਂ ਕੁਛ ਦੇਰ ਇਬਾਦਤ ਕਰਕੇ ਅਪਨਾ ਮਨ ਟਿਕਾਣੇ ਲੈ ਆਵਾਂ ।

ਰੁਮਾਲ ਨਾਲ ਮੱਥਾ ਪੂੰਝਦਾ ਹੋਇਆ ਬਾਹਰ ਜਾਂਦਾ ਹੈ।
ਨੂਰ ਬਾਈ ਹੱਕੀ ਬੱਕੀ ਬੈਠੀ ਉਸ ਵਲ ਦੇਖਦੀ ਹੈ ।

... ... ... ... ... ...

ਬੱਤੀਆਂ ਬੁੱਝ ਜਾਂਦੀਆਂ ਹਨ । ਸਪਾਟ ਲਾਈਟ ਹਾਜੀ ਸੁਲਤਾਨ ਉਤੇ ਪੈਂਦੀ ਹੈ । ਉਹ ਅਜੀਬ ਹਾਲਤ ਵਿਚ ਖੜਾ । ਰਿਪੋਰਟਰ ਚੁਪ ਚਾਪ ਉਸ ਵਲ ਤਕ ਰਿਹਾ ਹੈ ।

ਰਿਪੋਰਟਰ : ਹਾਜੀ ਸਾਹਬ,ਇਨਸਪੈਕਟਰ ਵਾਲੀ ਘਟਨਾ ਨੇ ਤਾਂ ਮੈਨੂੰ ਕੰਬਾ ਦਿਤਾ

ਹਾਜੀ : ਮੈਂ ਖੁਦ ਬਹੁਤ ਬੇਚੈਨ ਹਾਂ ।

ਰਿਪੋਰਟਰ : ਪਿਛਲੇ ਕੁਝ ਸਾਲਾਂ ਦੇ ਚਮਤਕਾਰ ਤੁਹਾਡੇ ਸਭ ਜਾਣਦਾ ਹਾਂ ।

ਹਾਜੀ : ਇਕ ਗਲ ਮੈਂ ਖੁਦ ਦਸਣਾ ਚਾਹੁੰਦਾ ਹਾਂ ।

ਰਿਪੋਰਟਰ : ਜ਼ਰੂਰ ਨੋਟ ਕਰਾਂਗਾ ।

ਹਾਜੀ : ਮੈਂ ਕਈ ਸਾਲਾਂ ਤੋਂ ਕਾਲਾ ਧੰਦਾ ਛੱਡ ਚੁੱਕਾ ਹਾਂ । ਪਰ ਪੁਰਾਣੇ ਪ੍ਰਛਾਵੇਂ ਪਿੱਛਾ ਨਹੀਂ ਛਡਦੇ ।

ਰਿਪੋਰਟਰ : ਜੇ ਬਹੁਤਾ ਖਿਆਲ ਕਰੋਗੇ ਤਾਂ ਇਹ ਭੂਤ ਤੁਹਾਡੀ ਕਬਰ ਤਕ ਪਿੱਛਾ ਕਰਨਗੇ ।

ਹਾਜੀ : ਅਮੀਰ ਪਿਛੇ ਵਾਲਿਆਂ ਦੇ ਸਭ ਐਬ ਛੁਪ ਜਾਂਦੇ ਨੇ, ਫੁਟ ਪਾਥ ਵਾਲਿਆਂ ਦੇ ਗੁਨਾਹ ਕੋਈ ਮੁਆਫ ਨਹੀਂ ਕਰਦਾ। ਉਹੋ ਲੀਡਰ ਜਿਨ੍ਹਾਂ ਲੱਖਾਂ ਰੁਪਏ ਖਾਧੇ ਨੇ, ਅਜ ਉਲਟੇ ਬਿਆਨ ਦੇਣ ਡਹੇ ਹੋਏ ਨੇ।

ਰਿਪੋਰਟਰ : ਆਪਣਾ ਆਪ ਬਚਾਉਣ ਖਾਤਰ।

ਹਾਜੀ : ਇਸ ਦਾ ਮਤਲਬ ਇਹ ਹੋਇਆ ਕਿ ਜੇ ਗੁਨਾਹਗਾਰ ਚੰਗਾ ਇਨਸਾਨ ਬਣਨਾ ਚਾਹੇ ਤਾਂ ਸਮਾਜ ਉਸ ਨੂੰ ਉੱਠਣ ਨਹੀਂ ਦਿੰਦਾ।

ਰਿਪੋਰਟਰ : ਤੁਹਾਡੇ ਆਪਣੇ ਬਿਆਨ ਅਨੁਸਾਰ ਸਤ ਕ੍ਰੋੜ ਦੀ ਜਾਇਦਾਦ ਹੈ। ਇਨਕਮ ਟੈਕਸ ਵਾਲਿਆਂ ਤੋਂ ਕਿਵੇਂ ਸੁਰਖਰੂ ਹੋਵੋਗੇ ?

ਹਾਜੀ : ਬਹੁਤ ਸਾਰੀ ਤਾਂ ਅਸੈਸ ਕਰਵਾ ਚੁੱਕਾ ਹਾਂ।

ਰਿਪੋਰਟਰ : ਪਰ ਨਵੇਂ ਕਾਨੂੰਨ ਅਨੁਸਾਰ ਪਿਛਲੇ ਕੇਸ ਵੀ ਫਰੋਲੇ ਜਾ ਸਕਦੇ ਨੇ।

ਹਾਜੀ : ਬਸ ਇਹੋ ਫਿਕਰ ਮੈਨੂੰ ਘੁਣ ਵਾਂਗ ਖਾ ਰਿਹਾ। ਕੋਈ ਰਾਹ ਦਸੋ।

ਰਿਪੋਰਟਰ : ਇਕੋ ਰਾਹ ਬਾਕੀ ਹੈ।

ਹਾਜੀ : ਦੱਸੋ ਕਿਹੜਾ ?

ਰਿਪੋਰਟਰ : ਖੁਦ ਇਕਬਾਲ ਕਰਕੇ ਸਾਰੀ ਜਾਇਦਾਦ ਕੌਮ ਦੇ ਲੇਖੇ ਲਾ ਦਿਉ।

ਹਾਜੀ : ਸੋਚਾਂਗਾ।

ਰਿਪੋਰਟਰ : ਤੁਸੀਂ ਥਕ ਗਏ ਲਗਦੇ ਹੋ। ਬਸ ਦੋ ਚਾਰ ਗੱਲਾਂ ਹੋਰ ਪੁਛਣੀਆਂ ਰਹਿ ਗਈਆਂ।

ਹਾਜੀ : ਜ਼ਰੂਰ ਪੁਛੋ। ਬੁੱਢੇ ਭਲਵਾਨ ਵਾਂਗ ਅਪਨੇ ਕਾਰਨਾਮੇ ਯਾਦ ਕਰਕੇ ਬਲਕਿ ਨਸ਼ਾ ਚੜ੍ਹਦਾ ਹੈ। ਮੈਂ ਸਗੋਂ ਸ਼ੁਕਰ ਗੁਜ਼ਾਰ ਹਾਂ, ਅਪਣੇ ਮਾਜ਼ੀ ਉਤੇ ਝਾਤੀ ਮਾਰਨ ਦਾ ਤੁਸੀਂ ਮੈਨੂੰ ਮੌਕਾ ਦਿੱਤਾ। ਅਪਨੇ ਨੁਕਸ ਜਾਣੇ ਬਿਨਾ ਬੰਦਾ ਅੱਗੇ ਨਹੀਂ ਵਧ ਸਕਦਾ।

ਰਿਪੋਰਟਰ : ਤਜਰਬੇ ਦੀ ਗਲ ਕੀਤੀ ਹੈ।

ਹਾਜੀ : ਬਸ ਇਕੋ ਤਜਰਬਾ ਹਾਸਲ ਕੀਤਾ ਹੈ।

ਰਿਪੋਰਟਰ : ਕਿਹੜਾ ਹਾਜੀ ਸਾਹਿਬ ?

ਹਾਜੀ : ਹੇਰਾ ਫੇਰੀ ਨਾਲ ਦੌਲਤ ਕਮਾਣ ਦਾ।

ਦੋਵੇਂ ਉੱਚੀ ਉੱਚੀ ਹਸਦੇ ਹਨ।



ਰਿਪੋਰਟਰ : ਹਾਜੀ ਸਾਹਿਬ, ਸਿਰਫ ਇਕ ਗਲ ਪੁਛਣੀ ਬਾਕੀ ਰਹਿ ਗਈ ਹੈ, ਫੇਰ ਮੈਂ ਆਪ ਤੋਂ ਰੁਖਸਤ ਲਵਾਂਗਾ।

ਹਾਜੀ : ਖੂਬ ਦਿਲ ਲੱਗਾ ਹੋਇਆ ਸੀ, ਮੈਂ ਤਾਂ ਕਹਿੰਦਾ ਤੁਸੀਂ ਇਥੇ ਹੀ ਰਹੋ।

ਦੋਵੇਂ ਫੇਰ ਉੱਚੀ ਉੱਚੀ ਹਸਦੇ ਹਨ।

ਰਿਪੋਰਟਰ : ਗ੍ਰਿਫਤਾਰੀ ਦਾ ਜ਼ਰਾ ਹਾਲ ਦਸ ਦਿਉ, ਬਸ।

ਹਾਜੀ : ਰਿਪੋਰਟਰ ਸਾਹਿਬ, ਬਹੁਤ ਦਿਲਚਸਪ ਵਾਕਿਆ ਹੈ। ਇਹ ਸਵਾਲ ਪੁੱਛ ਕੇ ਤਾਂ ਤੁਸੀਂ ਮੈਨੂੰ ਘੜੀ ਪਲ ਲਈ ਗਮ ਗੁੱਸਾ ਭੁਲਾ ਦਿਤਾ।

ਰਿਪੋਰਟਰ : ਅਸਲ ਵਿਚ ਤੁਹਾਨੂੰ ਉਸ ਦੀਵਾਨੇ ਨੇ ਮਸਤਾਨਾ ਕਰ ਦਿੱਤਾ ਲਗਦਾ ਹੈ। ਜ਼ਰਾ ਸੁਣ ਲਈਏ ਗਾਣਾ :

ਆਵਾਜ਼ : ਮੇਰੀ ਬੁੱਕਲ ਦੇ ਵਿਚ ਚੋਰ,
ਸਾਧੋ ਕਿਸ ਨੂੰ ਕੂਕ ਸੁਣਾਵਾਂ।
ਮੇਰੀ ਬੁੱਕਲ ਦੇ ਵਿਚ ਚੋਰ।
ਕਿਤੇ ਰਾਮ ਦਾਸ ਕਿਤੇ ਫਤਹ ਮੁਹੰਮਦ
ਇਹ ਕਦੀਮੀ ਸ਼ੋਰ।
ਮੁਕ ਗਏ ਸਭ ਝਗੜੇ ਝੇੜੇ
ਨਿਕਲ ਗਿਆ ਕੋਈ ਹੋਰ।
ਮੇਰੀ ਬੁਕਲ ਦੇ ਵਿਚ ਚੋਰ,
ਸਾਧੋ ਕਿਸ ਨੂੰ ਕੂਕ ਸੁਣਾਵਾਂ।

ਹਾਜੀ : ਸੱਚ ਹੈ, ਮੇਰੇ ਮਨ ਦੇ ਝਗੜੇ ਝੇੜੇ ਖਤਮ ਹੁੰਦੇ ਲਗਦੇ ਨੇ।

ਰਿਪੋਰਟਰ : ਫੇਰ ਗ੍ਰਿਫਤਾਰੀ ਵਾਲੇ ਦਿਨ ਕੀ ਘਟਨਾ ਵਾਪਰੀ ?

ਹਾਜੀ : ਉਸੇ ਵਾਰ ਮੇਰਾ ਜਨਮ ਦਿਨ ਸੀ। ਖੂਬ ਨਾਚ ਗਾਣਿਆਂ ਦਾ ਬੰਦੋਬਸਤ ਕੀਤਾ ਹੋਇਆ ਸੀ। ਇਕੋ ਰਾਤ ਵਿਚ ਲੱਖਾਂ ਰੁਪਏ ਰੋੜ੍ਹਨ ਦਾ ਮੁਕੰਮਲ ਇੰਤਜ਼ਾਮ ਸੀ।

ਰਿਪੋਰਟਰ : ਖੂਬ ! ਗੱਲੀਂ ਬਾਤੀਂ ਸਾਨੂੰ ਵੀ ਝਲਕ ਦਿਖਾ ਦਿਉ।

ਹਾਜੀ : ਲਓ ਗੌਰ ਫ਼ਰਮਾਓ :

ਬੱਤੀਆਂ ਬੁਝ ਜਾਂਦੀਆਂ ਹਨ। ਮੁੜ ਜਗਦੀਆਂ ਹਨ ਤਾਂ ਇਕ ਆਲੀਸ਼ਾਨ ਹਾਲ ਕਮਰਾ ਦਿਖਾਈ ਦਿੰਦਾ

ਹੈ। ਆਰਕੈਸਟਰ ਵੱਜ ਰਿਹਾ ਹੈ। ਬਹੁਤ ਸਾਰੇ ਸਜੀਲੇ ਮਹਿਮਾਨ ਸਜ ਧਜ ਨਾਲ ਬੈਠੇ ਹਨ। ਹਾਜ਼ੀ ਸੁਲਤਾਨ ਤੇ ਬੇਗਮ ਨੂਰ ਬਾਈ ਦਰਵਾਜ਼ੇ ਵਿਚ ਮਹਿਮਾਨਾਂ ਦੇ ਸਵਾਗਤ ਲਈ ਖੜੇ ਹਨ। ਦੋਹਾਂ ਦੇ ਗਲਾਂ ਤੋਂ ਪੈਰਾਂ ਤਕ ਅਦੁਤੀ ਫੁੱਲਾਂ ਦੇ ਹਾਰ ਲਟਕ ਰਹੇ ਹਨ।

ਹਾਜੀ : ਬੇਗਮ ਇਤਨੇ ਸਾਲ ਹੋ ਗਏ ਮੇਰੇ ਸਾਥ ਰਹਿੰਦਿਆਂ, ਅਮੀਰ ਦੋਸਤਾਂ ਨੂੰ ਮਿਲਣ ਵਕਤ ਤੁਹਾਡੀ ਝਿਜਕ ਨਾ ਗਈ।

ਬੇਗਮ : ਪਤਾ ਨਹੀਂ ਕਿਉਂ, ਪਿਛਲੀਆਂ ਗੱਲਾਂ ਮੈਨੂੰ ਭੁਲਾਇਆਂ ਨਹੀਂ ਭੁਲਦੀਆਂ।

ਹਾਜੀ : ਕੁਛ ਜ਼ਿਆਦਾ ਮਹਿਸੂਸ ਕਰਦੇ ਹੋ।

ਬੇਗਮ : ਕੀ ਨਾਮ ਹੈ ਇਸ ਸੇਠ ਦਾ ਜਿਹੜਾ ਹੁਣੇ ਲੰਘਿਆ।

ਹਾਜੀ : ਮੁਰਾਰੀ ਲਾਲ। ਇਹ ਤਾਂ ਆਪਣਾ ਫਿਲਮ ਡਿਸਟਰੀਬਿਊਟਰ ਹੈ। ਕਿਆ ਹੈ ਉਸ ਨੂੰ ?

ਬੇਗਮ : ਇਕ ਦਫ਼ਾ ਇਸ ਨੇ ਮੈਨੂੰ ਸਖਤ ਗੰਦੀਆਂ ਗਾਲ੍ਹਾਂ ਕੱਢੀਆਂ ਸਨ।

ਹਾਜੀ : ਹੋਰ ਵੀ ਜ਼ਿਆਦਤੀ ਕੀਤੀ ਹੋਵੇਗੀ ?

ਬੇਗਮ : ਨਹੀਂ।

ਹਾਜੀ : ਤੇਰਾ ਚਿਹਰਾ ਦਸ ਰਿਹਾ। ਖੈਰ, ਗਾਲ੍ਹਾਂ ਕਿਉਂ ਕੱਢੀਆਂ ?

ਬੇਗਮ : ਮੈਨੂੰ ਸਖਤ ਪੈਸਿਆਂ ਦੀ ਲੋੜ ਸੀ, ਮੈਂ ਉਸ ਦੀ ਖੜੀ ਕਾਰ ਕੋਲ ਜਾ ਕੇ ਪੈਸੇ ਮੰਗ ਬੈਠੀ ਸੀ।

ਹਾਜੀ : ਅੱਛਾ ਇਹ ਗੱਲ ਹੈ, ਸਾਲਾ ਮੀਸਣਾ ਸੇਠ। ਉਸ ਦੀ ਜਾਨ ਮੇਰੀ ਮੁੱਠੀ ਵਿਚ ਹੈ। ਅੱਜ ਹੀ ਉਸ ਤੋਂ ਤੇਰੀ ਜੁੱਤੀ ਸਾਫ਼ ਕਰਾਵਾਂਗਾ।

ਬੇਗਮ : ਤੁਸੀਂ ਝੱਟ ਗੁੱਸੇ ਵਿਚ ਆ ਜਾਂਦੇ ਹੋ। ਇਸੇ ਕਰਕੇ ਮੈਂ ਤੁਹਾਨੂੰ ਕੋਈ ਪਿਛਲੀ ਗੱਲ ਨਹੀਂ ਦਸਦੀ।

ਹਾਜੀ : ਇਨ੍ਹਾਂ ਲੋਕਾਂ ਬਾਰੇ ਮੇਰੇ ਮਨ ਵਿਚ ਨਰਮੀ ਆ ਹੀ ਨਹੀਂ ਸਕਦੀ। ਮੇਰੇ ਨਾਲ ਇਨ੍ਹਾਂ ਨੇ ਨਹਾਇਤ ਨਫਰਤ ਵਾਲਾ ਸਲੂਕ ਕੀਤਾ ਹੋਇਐ। ਇਸੇ ਕਰਕੇ ਬਦਲੇ ਦੀ ਅੱਗ ਮੇਰੇ ਅੰਦਰ ਭੜਕਦੀ ਰਹਿੰਦੀ ਹੈ।



ਬੇਗਮ : ਪਰ ਹੁਣ ਕੀ ਫ਼ਾਇਦਾ।

ਹਾਜੀ : ਫਾਇਦਾ ਕਿਉਂ ਨਹੀਂ, ਕਿਸੇ ਹੋਰ ਗਰੀਬ ਨਾਲ ਜ਼ਿਆਦਤੀ ਕਰਨ ਤੋਂ ਤਾਂ ਝਕਣਗੇ। ਉਹ ਪੁਲਿਸ ਇੰਸਪੈਕਟਰ ਜਨਮ ਭਰ ਕਿਸੇ ਨਾਲ ਜ਼ਿਆਦਤੀ ਨਹੀਂ ਕਰੇਗਾ।

ਬੇਗਮ : ਲਓ ਆ ਗਏ ਨੇ ਤੁਹਾਡੇ ਫਿਲਮ ਸਟਾਰ। ਕੱਠੇ ਦੋ ਜੋੜੇ। ਬੇਸਬਰੀ ਨਾਲ ਉਡੀਕ ਰਹੇ ਸੀ।

ਹਾਜੀ ਵਾਰੋ ਵਾਰੀ ਪਰਮਿੰਦਰ ਤੇ ਸਨੋਜ ਨੂੰ ਮਿਲਦਾ ਹੈ। ਉਨ੍ਹਾਂ ਦੀਆਂ ਸ੍ਰੀ ਮਤੀਆਂ ਬੇਗਮ ਦੁਆਲੇ ਹੋ ਜਾਂਦੀਆਂ ਹਨ।

ਪਰਮਿੰਦਰ : ਬੇਗਮ ਸਾਹਿਬਾਂ ਦੀ ਸਾੜੀ ਜ਼ੇਵਰ ਦੇਖ ਕੇ ਤਾਂ ਅੱਖਾਂ ਚੁੰਧਿਆ ਗਈਆਂ।

ਸਨੋਜ : ਮੁਕਾਬਲੇ ਤੇ ਸਾਡੀਆਂ ਬੀਵੀਆਂ ਤਾਂ ਯਤੀਮ ਲੱਗਦੀਆਂ।

ਹਾਜੀ : ਅਜੀ ਕਿਉਂ ਮਖੌਲ ਕਰਦੇ ਹੋ। ਇਸ ਦੇ ਸਾਰੇ ਜ਼ੇਵਰ ਕਪੜੇ ਮਿਲਾਕੇ ਬੜੀ ਹਦ ਦੋ ਲੱਖ ਦੇ ਹੋਣਗੇ। ਤੁਹਾਡੀਆਂ ਫਿਲਮ ਸਟਾਰ ਬੀਵੀਆਂ ਬਿਨਾਂ ਲਿਬਾਸ ਦਸ ਦਸ ਲੱਖ ਦੀਆਂ ਨੇ।

ਪਰਮਿੰਦਰ : ਖੂਬ ਗਿੱਟੇ ਮਾਰੀ। ਪੰਜਾਬੀ ਖੂਨ ਲੱਗਦਾ ਹਾਜੀ ਸਾਹਿਬ ਵਿਚ।

ਸਨੋਜ : ਬੰਗਲੋਰ ਵਲ ਪੰਜਾਬੀ ਕਿਥੇ ਪਹੁੰਚ ਗਏ।

ਪਰਮਿੰਦਰ : ਆਲੂ ਤੇ ਪੰਜਾਬੀ ਦੁਨੀਆਂ ਦੇ ਹਰ ਕੋਨੇ ਵਿਚ ਮਿਲਦੇ ਹਨ।

ਮਿਸਜ਼ ਸਨੋਜ : ਹਾਜੀ ਸਾਹਿਬ, ਜੇ ਬੇਗਮ ਸਾਹਿਬਾਂ ਸਕਰੀਨ ਤੇ ਆ ਜਾਏ, ਸਾਨੂੰ ਸਭ ਨੂੰ ਮਾਤ ਪਾ ਦੇਵੇ।

ਹਾਜੀ : ਮੇਰਾ ਘਰ ਬਰਬਾਦ ਕਰੋ ਰਲ ਕੇ। ਭਈ ਚੰਗੀ ਮੁਬਾਰਕ ਦੇਣ ਆਏ ਹੋ।

ਬੇਗਮ : ਜੀ, ਡਰਦੇ ਕਿਉਂ ਹੋ, ਹੁਕਮ ਬਿਨਾਂ ਪੈਰ ਨਹੀਂ ਪੁਟਦੀ।

ਪਰਮਿੰਦਰ : ਦੇਖਿਆ, ਸਾਡੀਆਂ ਸ੍ਰੀ ਮਤੀਆਂ ਕਦੀ ਕਦੀ ਦਿਨ ਹੱਥ ਹੀ ਨਹੀਂ ਆਉਂਦੀਆਂ।

ਮਿਸਜ਼ ਸਨੋਜ : ਅਸੀਂ ਕਿ ਤੁਸੀਂ ?

ਹਾਜੀ : ਭਰਜਾਈ ਜੀ, ਇਹਨੂੰ ਨਥ ਪਾ ਕੇ ਰਖਿਆ ਕਰੋ, ਸਰਕਾਰੀ ਸਾਹਨ ਵਾਂਗ ਅਵਾਰਾ ਫਿਰਦਾ।

ਪਰਮਿੰਦਰ : ਇਨ੍ਹਾਂ ਦਾ ਜਨਮ ਦਿਨ ਹੈ ਜੋ ਮਰਜ਼ੀ ਕਹਿ ਲੈਣ । ਨਾਲੇ ਪਈ ਸਾੜੇ ਬੇਸ ਹੋਏ ।

ਅੰਦਰੋਂ ਸੁਰੀਲੀ ਆਵਾਜ਼ ਸੁਣਾਈ ਦੇਂਦੀ ਹੈ ।

ਸਨੋਜ : ਇਹ ਤਾਂ ਆਇਸ਼ਾਂ ਗਾ ਰਹੀ ਹੈ ।

ਹਾਜੀ : ਤਿੰਨੇ ਭੈਣਾਂ ਆਈਆਂ ਹੋਈਆਂ । ਚਲੋ ਅੰਦਰ, ਖਾਓ ਪੀਓ ਤੇ ਮਜ਼ੇ ਲਓ ।

ਪਰਮਿੰਦਰ : ਤੁਸੀਂ ਕਦੋਂ ਅੰਦਰ ਆਉਗੇ ?

ਹਾਜੀ : (ਘੜੀ ਦੇਖ ਕੇ) ਹੁਣੇ ਆਏ, ਕੁਛ ਖਾਸ ਅਫਸਰ ਤੇ ਵਜ਼ੀਰਾਂ ਦੀ ਇੰਤਜ਼ਾਰ ਕਰ ਰਹੇ ਹਾਂ ।

ਬੇਗਮ : ਤੁਹਾਡੇ ਵਜ਼ੀਰਾਂ ਨੇ ਤਾਂ ਮਜ਼ਾ ਕਿਰਕਿਰਾ ਕਰ ਦਿੱਤਾ ।

ਹਾਜੀ : ਮੈਂ ਖੁਦ ਹੈਰਾਨ ਹਾਂ । ਪੌਣਾ ਘੰਟਾ ਉਪਰ ਹੋ ਗਿਆ ਹੈ । ਮੇਰੀ ਪਾਰਟੀ ਤੇ ਕਦੇ ਕੋਈ ਲੇਟ ਹੋਣ ਦੀ ਜੁਰਤ ਨਹੀਂ ਕਰਦਾ । ਲੱਤੜ ਦੀ ਗਲ ਹੈ, ਉਨ੍ਹਾਂ ਵਿਚੋਂ ਇਕ ਵੀ ਨਹੀਂ ਪਹੁੰਚਿਆ । ਮੈਨੂੰ ਤਾਂ ਦਾਲ ਵਿਚ ਕੁਛ ਕਾਲਾ ਲਗਦਾ ।

ਬੇਗਮ : ਐਵੇਂ ਨਾ ਵਹਿਮ ਕਰਨ ਲਗ ਜਾਇਆ ਕਰੋ ।

ਹਾਜੀ : ਖਤਰੇ ਦੀ ਮੈਨੂੰ ਹਮੇਸ਼ਾ ਪਹਿਲਾਂ ਟੁਣਕਾਰ ਮਿਲਦੀ ਹੈ । ਸਵੇਰ ਦੀ ਮੇਰੇ ਮਨ ਨੂੰ ਧੁੜਧੁੜੀ ਲੱਗੀ ਹੋਈ ਹੈ ।

ਬੇਗਮ : ਅਜ ਦੇ ਦਿਨ ਤਾਂ ਇਨ੍ਹਾਂ ਖਿਆਲਾਂ ਨੂੰ ਮਨੋਂ ਕਢ ਦਿਉ ।

ਹਾਜੀ : ਬੇਗਮ, ਸਾਡਾ ਧੰਦਾ ਐਸਾ ਹੈ, ਕੋਈ ਗਲ ਵੀ ਮੁਮਕਿਨ ਹੋ ਸਕਦੀ ਹੈ ।

ਬੇਗਮ : ਲਓ, ਉਹ ਰਮਜ਼ਾਨ ਨੱਸਾ ਆਉਂਦਾ, ਅੱਲਾ ਖੈਰ ਕਰੇ ! ਚਿਹਰੇ ਤੋਂ ਤਾਂ......

ਹਾਜੀ : ਘਬਰਾਇਆ ਹੋਇਆ ਲਗਦਾ ।

ਬੇਗਮ : ਕਿਤੇ ਤੁਹਾਡੀ ਗੱਲ ਸੱਚੀ ਨਾ ਹੋ ਜਾਵੇ !

ਹਾਜੀ : ਰਮਜ਼ਾਨ, ਕਿਆ ਬਾਤ ਹੈ ?

ਰਮਜ਼ਾਨ : ਫੌਰਨ ਛੁਪ ਜਾਓ, ਗ੍ਰਿਫਤਾਰ ਕਰਨ ਆ ਰਹੇ ਨੇ !

ਹਾਜੀ : ਕੌਣ ਜੰਮਿਆ ਮੈਨੂੰ ਗ੍ਰਿਫਤਾਰ ਕਰਨ ਵਾਲਾ ।

ਰਮਜ਼ਾਨ : ਉਹ ਲਾਖੀਆ ਵੀ ਇਸੇ ਤਰ੍ਹਾਂ ਕਹਿੰਦਾ ਸੀ ।



ਹਾਜੀ : ਮੈਂ ਪਾਣੀ ਵਾਂਗ ਰੁਪੈਆ ਰੋੜ੍ਹ ਚੁੱਕਾਂ ।

ਰਮਜ਼ਾਨ : ਸੈਂਟਰ ਦੀ ਹਦਾਇਤ ਮੁਤਾਬਕ ਗ੍ਰਿਫਤਾਰ ਕੀਤੇ ਜਾ ਰਹੇ ਹੋ । ਖੁਫੀਆ ਅਫਸਰਾਂ ਮੈਨੂੰ ਖੁਦ ਦਸਿਆ ।

ਹਾਜੀ : ਕਿਆ ਕਿਹਾ ?

ਰਮਜ਼ਾਨ : ਪਈ ਮਿਰਜ਼ਾ ਸਾਹਿਬ ਨੂੰ ਆਖੋ, ਫੌਰਨ ਛੁਪ ਜਾਣ ।

ਹਾਜੀ : ਇਨ੍ਹਾਂ ਮਹਿਮਾਨਾਂ ਨੂੰ ਕਿਸ ਤਰ੍ਹਾਂ ਛਡ ਕੇ ਜਾ ਸਕਦਾਂ ।

ਬੇਗਮ : ਇਨ੍ਹਾਂ ਨੂੰ ਅਸੀਂ ਸੰਭਾਲਾਂਗੇ । ਕੋਈ ਨਾ ਕੋਈ ਬਹਾਨਾ ਲਾ ਦਿਆਂਗੇ, ਤੁਸੀਂ ਫੌਰਨ ਛੁਪ ਜਾਓ ।

ਰਮਜ਼ਾਨ : ਬੇਗਮ ਸਾਹਿਬਾ, ਦਰੁਸਤ ਕਹਿੰਦੇ ਨੇ । ਜਲਦੀ ਕਰੋ ।

ਹਾਜੀ ਹਾਰ ਲਾਹ ਕੇ ਪਰੇ ਸੁਟਦਾ ਹੈ ਅਤੇ ਇਕ ਪਾਸੇ ਨੂੰ ਚਲਾ ਜਾਂਦਾ ਹੈ । ਬੇਗਮ ਤੇ ਰਮਜ਼ਾਨ ਅੰਦਰ ਜਾਂਦੇ ਹਨ । ਤਾਲੀਆਂ ਤੇ ਹੱਸਣ ਦੀਆਂ ਅਵਾਜ਼ਾਂ । ਔਰਕੈਸਟਰਾ ਉਤੇ ਨਾਚ ਦੀ ਟਿਊਨ ਵੱਜਦੀ ਹੈ । ਪੱਛਮੀ ਨਾਚ ਸ਼ੁਰੂ ਹੁੰਦਾ ਹੈ ।

... ... ... ... ... ...

ਬੱਤੀਆਂ ਬੁਝ ਕੇ ਜਗਦੀਆਂ ਹਨ ਤਾਂ ਹਾਜੀ ਸੁਲਤਾਨ ਦੋਹਾਂ ਹੱਥਾਂ ਨਾਲ ਸੀਖਾਂ ਫੜ ਕੇ ਗ਼ਮਗੀਨ ਖੜਾ ਹੈ । ਰਿਪੋਰਟਰ ਕੁਝ ਲਿਖ ਰਿਹਾ ਹੈ ।

ਦਰੋਗਾ : ਦਖਲ ਅੰਦਾਜ਼ੀ ਮੁਆਫ਼ ਹਾਜੀ ਸਾਹਿਬ, ਕੋਈ ਸ਼ਖਸ ਤੁਹਾਨੂੰ ਮਿਲਣਾ ਚਾਹੁੰਦਾ ।

ਹਾਜੀ : ਆਉਣ ਦਿਉ, ਪਰ ਹੈ ਕੌਣ ?

ਦਰੋਗਾ : ਮੋਟੇ ਢਿਡ ਵਾਲਾ ਕੋਈ ਸੇਠ ਹੈ । ਜ਼ਿਆਦਾ ਹੀ ਘਬਰਾਹਟ ਵਿਚ ਲਗਦਾ ਵਿਚਾਰਾ ।

ਹਾਜੀ : (ਰਿਪੋਰਟਰ ਨੂੰ) ਤੁਸੀਂ ਇਕ ਤਰਫ ਖੜੇ ਹੋ ਕੇ ਤਮਾਸ਼ਾ ਦੇਖੋ ।

ਡਰਿਆ ਸਹਿਮਿਆ ਹੋਇਆ ਸੇਠ ਹਰਸੁਖ ਲਾਲ ਸਾਹਮਣੇ ਆਉਂਦਾ ਹੈ ।

ਸੇਠ : (ਆਲੇ ਦੁਆਲੇ ਦੇਖ ਕੇ) ਹਾਜੀ ਸਾਹਿਬ, ਕਿਉਂ ਹਮਾਰਾ ਬੇੜਾ ਗਰਕ

ਕਰਨ ਲੱਗੇ ਹੋ। ਹਮਾਰੇ ਬਾਲ ਬੱਚਿਆਂ ਦਾ ਹੀ ਖਿਆਲ ਕਰੋ।

ਹਾਜੀ : ਬੰਬਈ ਦੇ ਮਾਲਕਾਂ ਨੂੰ ਕਿਆ ਮੁਸੀਬਤ ਆ ਪਈ ?

ਸੇਠ : ਪਤਾ ਲੱਗਾ ਹੈ, ਆਪ ਕੋਈ ਬਿਆਨ ਦੇਣ ਲੱਗੇ ਹੋ। ਜੇ ਸੱਚ ਹੈ ਤਾਂ ਹਮਾਰਾ ਨਾਮ ਮਤ ਲੇਨਾ।

ਹਾਜੀ : ਸੇਠ ਸਾਹਿਬ, ਮੈਂ ਯਾਰ ਬੇਲੀਆਂ ਨੂੰ ਕਿਸ ਤਰ੍ਹਾਂ ਭੁਲ ਸਕਦਾਂ।

ਸੇਠ : ਹਾਜੀ ਸਾਹਿਬ, ਮਖੌਲ ਛੋੜੋ, ਹਮਾਰੀ ਜਾਨ ਨਿਕਲ ਰਹੀ ਹੈ।

ਹਾਜੀ : ਸੇਠ ਸਾਹਿਬ, ਜਦੋਂ ਚੱਕਰ ਚਲਦਾ ਹੈ ਸਭ ਲਪੇਟੇ ਵਿਚ ਆ ਜਾਂਦੇ ਨੇ।

ਸੇਠ : (ਹਥ ਬੰਨ੍ਹ ਕੇ) ਆਹ ਦੇਖੋ, ਮੈਂ ਹਥ ਬੰਨ੍ਹਦਾ, ਮੇਰਾ ਨਾਮ ਨਾ ਲੇਨਾ, ਜੋ ਕੁਛ ਵੀ ਹੁਕਮ ਕਰੋ ਮੈਂ ਫੌਰਨ ਕਰਨ ਨੂੰ ਤਿਆਰ ਹਾਂ।

ਹਾਜੀ : ਸੇਠ ਸਾਹਿਬ, ਤੁਸੀਂ ਅੱਛੀ ਤਰ੍ਹਾਂ ਜਾਣਦੇ ਹੋ, ਮੈਂ ਪੁਖਤਾ ਇਰਾਦੇ ਵਾਲਾ ਬੰਦਾ ਹਾਂ, ਮੈਂ ਫੈਸਲਾ ਕਰ ਚੁੱਕਾਂ।

ਸੇਠ : (ਕਾਹਲੀ ਨਾਲ) ਕੈਸਾ ਫੈਸਲਾ ?

ਹਾਜੀ : ਆਪਣੇ ਵਾਂਗ ਅਪਣੇ ਭਾਈਵਾਲਾਂ ਨੂੰ ਨੰਗਾ ਕਰਨ ਦਾ।

ਸੇਠ : ਹਾਜੀ ਸਾਹਿਬ, ਮੇਰੀ ਟਬਰੀ ਦਾ ਕਿਆ ਹਾਲ ਹੋਵੇਗਾ ?

ਹਾਜੀ : ਸੇਠ ਸਾਹਿਬ, ਤੁਹਾਨੂੰ ਕਾਹਦਾ ਫਿਕਰ ਹੈ, ਕਾਰੂੰ ਨੇ ਵੀ ਇਤਨੀ ਦੌਲਤ ਜਮ੍ਹਾਂ ਨਹੀਂ ਕੀਤੀ ਹੋਵੇਗੀ। ਸਤ ਪੁਸ਼ਤਾਂ ਤਕ ਨਹੀਂ ਮੁਕ ਸਕਦੀ।

ਸੇਠ : ਤੁਸੀਂ ਨਹੀਂ ਸਮਝਦੇ ਹਾਜੀ ਸਾਹਿਬ, ਸਾਡੇ ਬਾਪ ਦਾਦਾ ਨੇ ਕਭੀ ਜੇਲ੍ਹ ਦਾ ਮੂੰਹ ਨਹੀਂ ਦੇਖਿਆ। ਭਾਈਚਾਰੇ ਵਿਚ ਸਖਤ ਨਮੋਸ਼ੀ ਹੋਵੇਗੀ। ਲੜਕੇ ਲੜਕੀਆਂ ਦੇ ਰਿਸ਼ਤੇ ਨਾਤੇ ਬੰਦ ਹੋ ਜਾਣਗੇ। ਖਾਨਦਾਨ ਬਰਬਾਦ ਹੋ ਜਾਵੇਗਾ।'

ਹਾਜੀ : ਮੈਂ ਨਾ ਵੀ ਦੱਸਾਂ, ਮੌਜੂਦਾ ਫੜ ਫੜਾਈ ਵਿਚ ਤੁਸੀਂ ਬਚ ਨਹੀਂ ਸਕਦੇ।

ਸੇਠ : ਬਾਕੀ ਸਭ ਬੰਦੋਬਸਤ ਮੈਂ ਕੀਤਾ ਹੋਇਆ। ਲੱਖਾਂ ਰੁਪਏ ਅਫਸਰਾਂ ਨੂੰ ਖੁਆ ਚੁੱਕਾਂ।''

ਹਾਜੀ : ਸੇਠ ਜੀ, ਮੈਂ ਕੋਈ ਘਟ ਖਰਚ ਕੀਤਾ ਸੀ ? ਸਮਝ ਨਹੀਂ ਆਉਂਦੀ ਤੁਹਾਡੇ ਵਰਗਾ ਧਨੀ ਇਸ ਭੌਜਲ ਵਿਚੋਂ ਕਿਸ ਤਰ੍ਹਾਂ ਬਚ ਸਕੇਗਾ।



ਸੇਠ : ਆਪ ਹਮਾਰਾ ਨਾਮ ਨਾ ਲੇਨਾ, ਬਾਕੀ ਮੇਰੀ ਕਿਸਮਤ।

ਹਾਜੀ : ਮੈਂ ਅੱਲਾ ਪਾਕ ਅੱਗੇ ਵੀ ਸੱਚਾ ਹੋਣਾ, ਅਪਣੇ ਗੁਨਾਹਾਂ ਤੋਂ ਤੌਬਾ ਕਰਨੀ ਹੈ, ਮੈਨੂੰ ਸੱਚ ਬੋਲਣਾ ਹੀ ਪੈਣਾ।

ਸੇਠ : (ਡਰ ਨਾਲ ਕੰਬਦਾ ਹੋਇਆ) ਹੇ ਪਰਮਾਤਮਾ, ਕਿਆ ਬਣਨ ਵਾਲਾ ਹੈ। ਹਾਜੀ ਸਾਹਿਬ, ਬਚਾ ਦੀ ਕੋਈ ਸੂਰਤ ਹੈ ਤਾਂ ਦਸੋ। ਮੈਂ ਸਭ ਕੁਛ ਕਰਨ ਨੂੰ ਤਿਆਰ ਬੈਠਾਂ।

ਹਾਜੀ : ਇਕੋ ਇਕ ਰਸਤਾ ਰਹਿ ਗਿਆ।

ਸੇਠ : (ਕਾਹਲਾ ਪੈ ਕੇ) ਉਹ ਕਿਹੜਾ, ਛੇਤੀ ਦਸੋ ! ਜਿੰਨਾ ਰੁਪਿਆ ਆਖੋ ਮੈਂ ਢੇਰੀ ਕਰਨ ਨੂੰ ਤਿਆਰ ਹਾਂ।

ਹਾਜੀ : ਤੁਸੀਂ ਰੱਬ ਦੀ ਦਰਗਾਹ ਵਿਚ ਸਚੋ ਸੱਚ ਬੋਲਣਾ। (ਹੱਥ ਦੇ ਇਸ਼ਾਰੇ ਨਾਲ) ਔਧਰ ਮਹਾਰਾਜ।

ਸੇਠ : (ਡਰਿਆ ਹੋਇਆ) ਇਹ ਕੌਣ ਹੈ ?

ਹਾਜੀ : ਧਰਮ ਰਾਜ !

ਸੇਠ : (ਧਾਰਮਕ ਭਾਵ ਅਧੀਨ ਡਰਕੇ) ਹੈਂ ! ਧਰਮ ਰਾਜ !!

ਹਾਜੀ : ਹਾਂ ਹਾਂ, ਤੇਰੇ ਅਮਲਾਂ ਦਾ ਹਿਸਾਬ ਕਿਤਾਬ ਲੈਣ। ਐ ਨੂਰੀ ਫਰਿਸ਼ਤੇ, ਇਸ ਪਾਕ ਦਾਮਨ ਸੇਠ ਉਤੇ ਰਹਿਮ ਕਰੀਂ।

ਸੇਠ : (ਕੰਬਦਾ ਹੋਇਆ) ਹਰੇ ਰਾਮ !

ਹਾਜੀ : ਸੇਠ ਜੀ, ਤੁਸੀਂ ਧਰਮ ਰਾਜ ਦੇ ਰੂਬਰੂ ਖੜੇ ਹੋ, ਸਭ ਕੁਛ ਸਚੋ ਸੱਚ ਦਸ ਦੇਵੋ, ਫਿਰ ਤੁਹਾਡੀ ਦੋਹੀਂ ਜਹਾਨੀ ਨਿਜਾਤ ਹੋ ਸਕਦੀ ਹੈ।

ਰਿਪੋਰਟਰ : (ਰੋਅਬ ਨਾਲ) ਦੇਖ, ਜੇ ਇਕ ਗੱਲ ਵੀ ਗ਼ਲਤ ਬੋਲੀ, ਉਸੀ ਵਕਤ ਨਰੜ ਕੇ ਨਰਕ ਕੁੰਡ ਵਿਚ ਸੁੱਟ ਦਿੱਤਾ ਜਾਵੇਗਾ। ਸੁਣਿਐ ?

ਸੇਠ : (ਥਿੜਕਦਾ ਹੋਇਆ) ਮਹਾਰਾਜ, ਤੁਸੀਂ ਅੰਤਰਜਾਮੀ ਹੋ, ਤੁਹਾਥੋਂ ਕਿਸ ਗੱਲ ਦਾ ਛੁਪਾ ਹੈ, ਪਰ ਮੇਰੇ ਮੂੰਹੋਂ ਨਿਕਲੀ ਗੱਲ ਨਸ਼ਰ ਨਾ ਹੋ ਜਾਵੇ।

ਰਿਪੋਰਟਰ : ਧਰਮ ਈਮਾਨ ਨਾਲ ਦਸ, ਤੇਰੇ ਪਾਸ ਕਿੰਨਾ ਧਨ ਹੈ ?

ਸੇਠ : ਬੇ-ਹਿਸਾਬਾ ਹੈ ਮਹਾਰਾਜ, ਸਭ ਆਪ ਦੀ ਕਿਰਪਾ ਹੈ।

ਰਿਪੋਰਟਰ : ਉਹ ਅਣਗਿਣਤ ਮਾਇਆ ਕਿਸ ਕਿਸ ਸ਼ਕਲ ਵਿਚ ਪਈ ਹੈ ?

ਸੇਠ : ਮਹਾਰਾਜ, ਸੋਨੇ ਚਾਂਦੀ ਦੇ ਰੂਪ ਵਿਚ, ਬੈਂਕਾਂ ਦੇ ਸੇਫ਼ਾਂ ਵਿਚ, ਜ਼ੇਵਰਾਂ ਦੀ ਸ਼ਕਲ ਵਿਚ, ਗੁਦਾਮਾਂ ਦੇ ਫਰਸ਼ਾਂ ਦੇ ਹੇਠ ਨਕਦੀ, ਪਲੰਘਾਂ ਦੇ ਪਾਵਿਆਂ ਨੀਚੇ ਇੱਟਾਂ ਦੀ ਸੂਰਤ ਵਿਚ, ਘਰ ਦੇ ਸਟੋਰ ਵਿਚ ਸੋਨੇ ਦੇ ਥਾਲਾਂ ਦੀ ਹਾਲਤ ਵਿਚ।

ਰਿਪੋਰਟਰ : ਬੰਬਈ ਸ਼ਹਿਰ ਵਿਚ ਕਿੰਨੇ ਮਕਾਨ, ਕਿੰਨੇ ਹੋਟਲ ਔਰ ਕਿੰਨੇ ਗਰਾਜ ਨੇ ?

ਸੇਠ : ਤਿੰਨ ਬਿਲਡਿੰਗਾਂ,ਦੋ ਹੋਟਲ ਔਰ ਇਕ ਗੈਰਜ ਮਹਾਰਾਜ।

ਰਿਪੋਰਟਰ : ਝੂਠ ਬੋਲਿਆ ਹੈਂ। ਬਾਕੀ ਮਕਾਨ ਔਰ ਹੋਟਲ ਕਿਸ ਕਿਸ ਦੇ ਨਾਮ ਹੈਨ ?

ਸੇਠ : ਜੀ, ਲੜਕੇ ਲੜਕੀਆਂ, ਸਾਲੇ ਸਾਲੀਆਂ, ਨਜ਼ਦੀਕੀ ਰਿਸ਼ਤੇਦਾਰਾਂ, ਵਫ਼ਾਦਾਰ ਮੁਲਾਜ਼ਮਾਂ ਔਰ ਕੁਤਿਆਂ ਬਿੱਲੀਆਂ ਦੇ ਨਾਂ।

ਰਿਪੋਰਟਰ : ਇਨਕਮ ਟੈਕਸ ਕਿੰਨਾ ਭਰਦਾਂ ?

ਸੇਠ : ਜੀ; ਪੂਰਾ ਚਾਰ ਲੱਖ ਸਲਾਨਾ।

ਹਾਜੀ : ਸੁਣ ਲਓ ਮਹਾਰਾਜ, ਬਾਰਾਂ ਲੱਖ ਤਾਂ ਮੈਂ ਦਿੰਦਾ। ਔਰ ਮੈਂ ਸੇਠ ਸਾਹਿਬ ਦੇ ਮੁਕਾਬਲੇ ਕੁਛ ਚੀਜ਼ ਨਹੀਂ।

ਸੇਠ : ਹਾਜੀ ਸਾਹਿਬ, ਤੁਹਾਡਾ ਖਰਚਾ ਥੋੜਾ ਹੈ। (ਹੌਲੀ) ਤੁਸੀਂ ਚੁਪ ਰਹੋ ਜੀ।

ਰਿਪੋਰਟਰ : ਸੱਚੋ ਸੱਚ ਦਸ, ਕੁਲ ਕਿੰਨਾ ਬਣਦਾ ?

ਸੇਠ : ਪਿਛਲਾ ਤਾਂ ਨਹੀਂ ਲਿਆ ਜਾਵੇਗਾ ?

ਰਿਪੋਰਟਰ : ਨਹੀਂ, ਇਕਰਾਰ ਹੋਇਆ।

ਸੇਠ : ਜੀ, ਵੀਹ ਲੱਖ ਦੇ ਕਰੀਬ।

ਰਿਪੋਰਟਰ : ਹਿਸਾਬ ਖ਼ਾਤੇ ਕਿੰਨੇ ਰੱਖੇ ਹੋਏ ਨੇ ?

ਸੇਠ : ਸਿਰਫ ਤਿੰਨ ਤਰ੍ਹਾਂ ਦੇ ਮਹਾਰਾਜ, ਪੇਟ ਦੀ ਖਾਤਰ ਸਭ ਕੁਛ ਕਰਨਾ ਪੈਂਦਾ। ਅਫਸਰਾਂ ਨੂੰ ਬਕਾਇਦਾ ਹਿੱਸਾ ਪਤੀ ਦੇਂਦਾ। ਮਹਾਰਾਜ, ਇਹ ਵੀ ਤਾਂ ਸੋਚੋ ਕਿੰਨੀ ਜਾਨ ਮਾਰੀ ਨਾਲ ਪੈਸਾ ਕਮਾ ਹੁੰਦਾ। ਫਿਕਰ ਨਾਲ ਜਾਨ ਸੂਲੀ ਤੇ ਟੰਗੀ ਰਹਿੰਦੀ ਹੈ। ਕਾਲੇ ਧੰਦੇ ਦਾ ਬੱਸ ਇਹੋ ਨੁਕਸ ਹੈ, ਕਮਾਈ ਬੇਅੰਤ ਹੈ ਪਰ ਮਨ ਨੂੰ ਇਕ ਪਲ



ਚੈਨ ਨਹੀਂ ਮਿਲਦੀ, ਹਰ ਵਕਤ ਜਾਨ ਸੁੱਕੀ ਰਹਿੰਦੀ ਹੈ।

ਰਿਪੋਰਟਰ : ਪਰ ਤੇਰੀ ਜਾਨ ਤਾਂ ਕੋਈ ਨਹੀਂ ਸੁੱਕੀ ਕਾਫ਼ੀ ਮੋਟਾ ਤਾਜ਼ਾ ਹੈਂ।

ਸੇਠ : ਮਹਾਰਾਜ, ਬੱਸ ਢਾਂਚਾ ਹੀ ਹੈ, ਦਿਲ ਫਰੋਲ ਕੇ ਦੇਖੋ, ਚਿੜੀ ਦੇ ਬੱਚੇ ਵਾਂਗ ਤੜਫਦਾ ਹੈ।

ਰਿਪੋਰਟਰ : ਫੇਰ ਇਹ ਕਾਲਾ ਧੰਦਾ ਕਿਸ ਵਾਸਤੇ ਕਰਦਾ ਹੈ ?

ਸੇਠ : ਪਿਉ ਦਾਦੇ ਦਾ ਸ਼ੁਰੂ ਕੀਤਾ ਹੋਇਆ। ਆਪ ਤਾਂ ਸੁਰਗਾਂ ਵਿਚ ਜਾ ਬੈਠੇ, ਮੈਨੂੰ ਪਿਛੇ......

ਰਿਪੋਰਟਰ : ਖਬਰੇ ਨਰਕ ਭਠ ਈ ਝੋਕਦੇ ਨੇ।

ਸੇਠ : ਮਹਾਰਾਜ, ਮੈਂ ਗਰੀਬ ਗੁਰਬੇ ਦਾ ਖਾਸ ਧਿਆਨ ਰੱਖਦਾਂ, ਦਬ ਕੇ ਪੁੰਨ ਦਾਨ ਕਰਦਾਂ, ਗਊ ਬ੍ਰਾਹਮਣ ਦੀ ਟਹਿਲ ਸੇਵਾ ਕਰਦਾ।

ਰਿਪੋਰਟਰ : ਬੱਸ ਆਖਰੀ ਪ੍ਰਸ਼ਨ ਹੈ, ਸਚੋ ਸੱਚ ਬੋਲੀਂ।

ਸੇਠ : ਪੁਛੋ ਮਹਾਰਾਜ।

ਰਿਪੋਰਟਰ : ਕੁਲ ਕਿੰਨਾ ਸਰਮਾਇਆ ਹੈ ਤੇਰੇ ਪਾਸ ?

ਸੇਠ : ਇਹੋ ਕੋਈ ਪੰਜ ਸਤ ਕਰੋੜ ਹੋਵੇਗਾ।

ਰਿਪੋਰਟਰ : ਝੂਠ ਬੋਲਣ ਦੀ ਸਜ਼ਾ ਪਤਾ ਕਿਆ ਹੈ ?

ਸੇਠ : ਜੀ, ਬਾਰਾਂ ਕਰੋੜ ਦੇ ਕਰੀਬ ਹੋਵੇਗਾ।

ਰਿਪੋਰਟਰ : ਕੋਰਾ ਝੂਠ ਬੋਲਿਆ ਹੈਂ। ਤੇਨੂੰ ਇਹੋ ਸਜ਼ਾ ਹੈ, ਫੌਰਨ ਕਪੜੇ ਖੋਲ੍ਹ ਕੇ ਨੰਗਾ ਖੜਾ ਹੋ ਜਾ।

ਸੇਠ : ਹਰੇ ਰਾਮ ! ਪਰ ਜੀ......

ਰਿਪੋਰਟਰ : ਇਕੋ ਗੱਲ ਵੀ ਮੂੰਹੋਂ ਕੱਢੀ ਤਾਂ ਸਜ਼ਾ ਦੂਗਣੀ ਹੋ ਜਾਵੇਗੀ।

ਸੇਠ : ਖੋਲ੍ਹਦਾ ਹਾਂ ਮਹਾਰਾਜ, ਨਾਰਾਜ਼ ਨਾ ਹੋਵੋ। ਧੋਤੀ ਵੀ ਖੋਲ੍ਹ ਦਿਆਂ ?

ਰਿਪੋਰਟਰ : ਨਹੀਂ ਉਹ ਤੇੜ ਰਹਿਣ ਦੇ।

ਧਾਰਮਕ ਡਰ ਭਉ ਅਧੀਨ ਕੰਬਦਾ ਹੈ।

ਸੇਠ : ਹੇ ਪਰਮਾਤਮਾ ਬਖਸ਼ੀਂ ! ਇਹ ਕਿਸ ਪਾਪ ਦੀ ਸਜ਼ਾ ਮਿਲ ਰਹੀ ਹੈ।

ਰਿਪੋਰਟਰ : ਦੇਸ਼ ਵਾਸੀਓ, ਏਸ ਸੇਠ ਦਾ ਚਿਹਰਾ ਤੇ ਸਰੀਰ ਦੇਖੋ, ਕਿੰਨਾ ਭੱਦਾ ਹੈ। ਮਾਇਆ ਦੇ ਲਾਲਚ ਨੇ ਚਿਹਰਾ ਕਰੂਪ ਤੇ ਬੁੱਧੀ ਭਰਿਸ਼ਟ ਕਰ ਦਿੱਤੀ ਹੈ। ਓਥੇ ਪਰੇ ਹੋ ਕੇ ਖੜਾ ਹੋ ਜਾ ਔਰ ਪਰਲੇ ਪਾਸੇ ਨੂੰ

ਮੂੰਹ ਕਰ ਲੈ ।

ਹਾਜੀ : ' ਰੋਗਾ ਸਾਹਿਬ, ਕਿਆ ਬਾਤ ਹੈ ?

ਦਰੋਗਾ : ਇਕ ਨੇਤਾ ਨੇ ਸਾਡੀ ਨੱਕ ਵਿਚ ਦਮ ਕੀਤਾ ਹੋਇਆ ।

ਹਾਜੀ : ਕਿਆ ਚਾਹੁੰਦਾ ਹੈ ?

ਦਰੋਗਾ : ਤੁਹਾਨੂੰ ਮਿਲਣ ਲਈ ਜ਼ਿਦ ਕਰ ਰਿਹਾ ।

ਹਾਜੀ : ਭੇਜ ਦਿਉ । ਦੇਖੀਏ ਤਾਂ ਸਹੀ ਕਿਹੜਾ ਲੀਡਰ ਹੈ ।

ਇਕ ਖਦਰਪੋਸ਼ ਸਾਹਮਣੇ ਆਉਂਦਾ ਹੈ ।

ਨੇਤਾ : ਮਿਰਜ਼ਾ ਸਾਹਿਬ, ਜ਼ੁਲਮ ਕਰਨ ਲੱਗੇ ਹੋ, ਸੁਣਿਐ ! ਤੁਸੀਂ ਬਿਆਨ ਦੇ ਕੇ ਸਾਨੂੰ ਵੀ ਲਪੇਟ ਵਿਚ ਲੈਣ ਲੱਗੇ ਹੋ ।

ਹਾਜੀ : ਜੇਲ੍ਹ ਵਿਚ ਕੱਲੇ ਦਾ ਦਿਲ ਨਹੀਂ ਸੀ ਲਗਦਾ, ਮੈਂ ਕਿਹਾ ਭਾਈਵਾਲਾਂ ਨੂੰ ਵੀ ਬੁਲਾ ਲਵਾਂ ।

ਨੇਤਾ : ਮਿਰਜ਼ਾ ਸਾਹਿਬ, ਤੁਹਾਡਾ ਕੁਛ ਨਹੀਂ ਵਿਗੜਨਾ, ਅੱਗੇ ਵੀ ਕਈ ਦਫ਼ਾ ਜੇਲ੍ਹ ਦੀ ਹਵਾ ਖਾ ਚੁਕੇ ਓ । ਉਂਜ ਵੀ ਤੁਹਾਡਾ ਕੋਈ ਅੱਗਾ ਪਿੱਛਾ ਨਹੀਂ । ਅਸੀਂ ਖਾਨਦਾਨੀ ਬੰਦੇ ਹਾਂ । ਸਮਾਜ ਵਿਚ ਮੂੰਹ ਦਿਖਾਉਣ ਜੋਗੇ ਵੀ ਨਹੀਂ ਰਹਾਂਗੇ ।

ਹਾਜੀ : ਮੈਂ ਇਕ ਵੀ ਗਲ ਫਾਲਤੂ ਨਹੀਂ ਕਹਾਂਗਾ, ਫ਼ਕਤ ਹਕੀਕਤ ਦਾ ਇਜ਼ਹਾਰ ਹੀ ਕਰਾਂਗਾ ।

ਨੇਤਾ : ਮਿਰਜ਼ਾ ਸਾਹਿਬ, ਸਖਤ ਗੜਬੜ ਹੋ ਜਾਵੇਗੀ, ਪਬਲਿਕ ਵਿਚ ਮੇਰਾ ਇਮੇਜ ਖ਼ਰਾਬ ਹੋ ਜਾਵੇਗਾ । ਲੋਕੀਂ ਮੈਨੂੰ ਮਹਾਤਮਾ ਵਾਂਗੂੰ ਪੂਜਦੇ ਨੇ । ਮੇਰੀ ਇਜ਼ਤ ਮਿੱਟੀ ਵਿਚ ਮਿਲ ਜਾਵੇਗੀ । ਦਸੋ, ਮੈਂ ਤੁਹਾਡੇ ਵਾਸਤੇ ਕੀ ਕੁਛ ਨਹੀਂ ਕੀਤਾ ?

ਹਾਜੀ : ਮੈਨੂੰ ਬਚਾਣ ਲਈ ਕੋਈ ਚਾਰਾਜੋਈ ਨਹੀਂ ਕੀਤੀ ।

ਨੇਤਾ : ਤੁਹਾਨੂੰ ਚੰਦ ਘੰਟੇ ਪਹਿਲਾਂ ਦਸ ਦਿੱਤਾ ਸੀ, ਅੱਵਲ ਤਾਂ ਤੁਸੀਂ ਯਕੀਨ ਨਹੀਂ ਕੀਤਾ, ਫੇਰ ਕਹਿੰਦੇ ਰਹੇ, ਮੈਨੂੰ ਕੌਣ ਜੰਮਿਆ ਹੱਥ ਲਾਣ ਵਾਲਾ । ਸ਼ਾਇਦ ਤੁਹਾਨੂੰ ਪਤਾ ਲਗ ਹੀ ਗਿਆ ਹੋਵੇਗਾ । ਰਿਟ ਦਰਜ ਕਰਾਉਣ ਵਿਚ ਮੈਂ ਬੇਗਮ ਸਾਹਿਬਾ ਦੀ ਪੂਰੀ ਇਮਦਾਦ



ਕੀਤੀ ਹੈ ।

ਹਾਜੀ : ਮੈਨੂੰ ਹੁਣ ਕਿਸੇ ਕਿਸਮ ਦਾ ਡਰ ਨਹੀਂ । ਜ਼ਿੰਦਗੀ ਰਜ ਕੇ ਦੇਖ ਲਈ ਹੈ । ਮੈਂ ਤਾਂ ਸੱਚ ਸੱਚ ਬੋਲਣ ਲਈ ਤਿਆਰ ਬੈਠਾਂ ।

ਨੇਤਾ : ਸਚ ਬੋਲਣ ਦੀ ਸਜ਼ਾ ਸੁਕਰਾਤ ਵਾਂਗ ਜ਼ਹਿਰ ਦਾ ਪਿਆਲਾ ਵੀ ਹੋ ਸਕਦੀ ਹੈ ।

ਹਾਜੀ : ਮੈਂ ਪੀਣ ਲਈ ਤਿਆਰ ਬੈਠਾ ਹਾਂ । ਇਹ ਦਸੋ, ਤੁਸੀਂ ਕਾਲਾ ਧੰਦਾ ਨਹੀਂ ਕਰਦੇ, ਜਨਤਾ ਦੀ ਅੱਖੀਂ ਘੱਟਾ ਨਹੀਂ ਪਾਉਂਦੇ ? ਪਾਰਸਾਈ ਦੇ ਪਰਦੇ ਪਿਛੇ ਕਿਹੜਾ ਮੰਦਾ ਕੰਮ ਹੈ ਜੋ ਤੁਸੀਂ ਨਹੀਂ ਕਰਦੇ । ਕਿਹੜਾ ਕਹਿਰ ਹੈ ਜੋ ਗਰੀਬਾਂ ਉਤੇ ਤੁਸੀਂ ਨਹੀਂ ਢਾਉਂਦੇ ।

ਨੇਤਾ : ਸਭ ਕੁਛ ਕਰਦਾਂ ਪਰ ਇਹ ਇਨਕਸ਼ਾਫ ਕਰਕੇ ਤੈਨੂੰ ਕਿਆ ਮਿਲੇਗਾ ?

ਹਾਜੀ : ਮਨ ਦਾ ਚੈਨ, ਤੇਰਾ ਮੂੰਹ ਨੰਗਾ ਹੋਵੇਗਾ, ਲੋਕੀਂ ਧੋਖੇ ਤੋਂ ਬਚ ਰਹਿਣਗੇ । ਮੁਲਕ ਦੀ ਮਾੜੀ ਮੋਟੀ ਖਿਦਮਤ ਕਰ ਸਕਾਂਗਾ ।

ਨੇਤਾ : (ਬੇਵਸ ਉੱਚੀ) ਹਾਜੀ, ਮੇਰਾ ਖਾਨਦਾਨ ਤਬਾਹ ਹੋ ਜਾਏਗਾ, ਕਾਰੋਬਾਰ ਬੰਦ ਹੋ ਜਾਵੇਗਾ, ਲੋਕਾਂ ਵਿਚ ਮੂੰਹ ਕਾਲਾ ਹੋਵੇਗਾ, ਫੇਰ ਮੈਂ ਤੇਰੇ ਸਿਰ ਚੜ੍ਹਕੇ—

ਹਾਜੀ : ਯਾਨੀ ਤੁਸੀਂ ਇਕਬਾਲ ਕਰਦੇ ਹੋ ਕਿ ਮੁਲਕ ਤੇ ਸਰਕਾਰ ਨਾਲ ਧਰੋਹ ਕਮਾਂਦੇ ਰਹੇ ਹੋ ।

ਨੇਤਾ : (ਨਰਮ ਪੈ ਕੇ) ਹਾਜੀ ਸਾਹਿਬ, ਤੁਹਾਨੂੰ ਵੀ ਪਤਾ, ਮਾਯਾ ਪਾਪਾਂ ਤੋਂ ਬਿਨਾ ਕੱਠੀ ਨਹੀਂ ਹੁੰਦੀ । ਭਾਰਤ ਦੀ ਅਜ ਅੱਧੀ ਦੌਲਤ ਭ੍ਰਿਸ਼ਟਾ-ਚਾਰ ਰਾਹੀਂ ਜਮਾ ਹੋਈ ਹੋਈ ਹੈ । ਹੇਠ ਤੋਂ ਉਪਰ ਤਕ ਸਭ ਕਰਦੇ ਨੇ, ਮੈਂ ਕੋਈ ਅਲਹਿਦਾ ਕੰਮ ਨਹੀਂ ਕਰ ਰਿਹਾ ।

ਹਾਜੀ : ਸੁਣਦੇ ਹੋ ਜਨਾਬ ?

ਨੇਤਾ : ਇਹ ਕੌਣ ਸਾਹਿਬ ਨੇ ?

ਹਾਜੀ : ਫਿਰੀ ਪ੍ਰੈਸ ਆਫ ਇੰਡੀਆ ਦੇ ਆਹਲਾ ਰਿਪੋਰਟਰ ।

ਨੇਤਾ : (ਓਹਲੇ ਨਾਲ) ਮਾਰੇ ਗਏ ! ਰਹਿੰਦੀ ਖੂੰਹਦੀ ਉਮੀਦ ਵੀ ਗਈ !!

ਰਿਪੋਰਟਰ : ਤੁਹਾਡੀ ਹਾਜੀ ਸਾਹਿਬ ਨਾਲ ਮੁਲਾਕਾਤ ਟੇਪ ਕਰਨ ਆਇਆ ਸੀ, ਸ਼ੁਕਰੀਆ ।

ਨੇਤਾ : ਹੈਂ ! ਤੁਸੀਂ ਸਾਰੀ ਗਲਬਾਤ ਟੇਪ ਕਰ ਲਈ ਹੈ ? ਸਖਤ ਧਰੋਹ ਕਮਾਇਆ । ਇਹ ਧੋਖਾ ਹੈ ਸਰਾਸਰ ਸਾਜ਼ਿਸ਼ ਹੈ । ਜੇਲ੍ਹ ਵਿਚ ਪੁਜ ਕੇ ਵੀ ਤੇਰੀਆਂ ਆਦਤਾਂ ਨਾ ਬਦਲੀਆਂ, ਹਾਜੀ ਦੇ ....

ਝਪਟਾ ਮਾਰ ਕੇ ਟੇਪ ਖੋਹਣ ਦਾ ਯਤਨ ਕਰਦਾ ਹੈ ।

ਰਿਪੋਰਟਰ : ਕਿਆ ਕਰ ਰਹੇ ਹੋ ?

ਨੇਤਾ : ਅਖਬਾਰਾਂ ਵਿਚ ਛਾਇਆ ਤਾਂ ਨਹੀਂ ਕਰੋਗੇ ?

ਰਿਪੋਰਟਰ : ਹੋਰ ਮੈਂ ਐਵੇਂ ਝਖ ਮਾਰ ਰਿਹਾਂ । ਤੁਹਾਡੀ ਸੋਹਣੀ ਸੂਰਤ ਸਮੇਤ ਛਾਇਆ ਹੋਵੇਗੀ ।

ਨੇਤਾ : (ਰੋਣ ਹਾਕਾ ਹੋ ਕੇ) ਰਿਪੋਰਟਰ ਸਾਹਿਬ, ਇਹ ਤੁਸੀਂ ਕੀ ਕਰਨ ਲਗੇ ਹੋ । ਮੇਰੇ ਖਾਨਦਾਨ ਦਾ ਬੇੜਾ ਗਰਕ ਹੋ ਜਾਵੇਗਾ । ਮੈਨੂੰ ਬਚਾਉ, ਮੈਂ ਮੂੰਹ ਮੰਗਿਆ ਮੁਲ ਤਾਰਨ ਨੂੰ ਤਿਆਰ ਹਾਂ ।

ਰਿਪੋਰਟਰ : ਹੁਣ ਕੁਛ ਨਹੀਂ ਹੋ ਸਕਦਾ ।

ਨੇਤਾ : (ਹਿਸਟੀਰਕ ਹੁੰਦਾ ਹੋਇਆ) ਹਾਏ ਰੱਬਾ, ਮੇਰੀ ਕੌਡੀ ਦੀ ਇੱਜ਼ਤ ਨਹੀਂ ਰਹੇਗੀ ! ਹੇ ਪਰਮਾਤਮਾ, ਕਿਨਾਂ ਜਮਾਂ ਦੇ ਵਸ ਪਾ ਦਿੱਤਾ, ਜਿਨ੍ਹਾਂ ਦੇ ਮਨ ਮਿਹਰ ਨਹੀਂ, ਜੀ ਤਰਸ ਨਹੀਂ । ਓਇ ਦੁਸ਼ਟੋ ਤੁਸੀਂ......(ਲੰਮੇ ਲੰਮੇ ਸਾਹ ਲੈਂਦਾ ਹੋਇਆ) ਹਾਏ ! ਮੇਰਾ ਦਿਲ ਫੇਹਲ ਹੋਣ ਲੱਗਾ ਹੈ ।

ਹਾਜੀ : ਦਰੋਗਾ ਸਾਹਿਬ, ਡਾਕਟਰ ਨੂੰ ਬੁਲਾਉ ।

ਨੇਤਾ : ਠਹਿਰੋ ਇਹ ਬਦਮਾਸ਼ ਤੀਜਾ ਉਗਾਹ ਬਨਾਣਾ ਚਾਹੁੰਦਾ । ਰਿਪੋਰਟਰ ਸਾਹਿਬ, ਕੋਈ ਰਾਹ, ਕੋਈ ਉਪਾ ਤਾਂ ਦਸੋ ।

ਰਿਪੋਰਟਰ : ਹਾਜੀ ਸਾਹਿਬ ਕੀ ਦਸ ਸਕਦੇ ਨੇ ।

ਨੇਤਾ : ਹਾਜੀ ਸਾਹਿਬ, ਮੇਰੇ ਹਾਲ ਤੇ ਰਹਿਮ ਕਰੋ, ਖੁਦਾ ਦਾ ਖੌਫ ਕਰੋ ।

ਹਾਜੀ : ਹੈ ਇਕ ਰਾਹ ।

ਨੇਤਾ : (ਤਿਣਕੇ ਦੇ ਸਹਾਰੇ ਵਾਂਗ) ਹੈਂ, ਹੈ ! ਛੇਤੀ ਦੱਸੋ, ਰੱਬ ਤੁਹਾਡਾ



ਦੋਹੀਂ ਜਹਾਨੀਂ ਭਲਾ ਕਰੇ ।

ਹਾਜੀ : ਅਸਲੋਂ ਨਰਮ ਸਜ਼ਾ ਹੈ ।

ਨੇਤਾ : ਛੇਤੀ ਦੱਸੋ ਨਾ ਹਾਜੀ ਸਾਹਿਬ, ਜਦੋਂ ਜਾਨ ਨਿਕਲ ਜਾਵੇਗੀ ਤਾਂ ਹੀ ਬੋਲੋਗੇ ।

ਹਾਜੀ : ਤੁਸੀਂ ਕਪੜੇ ਉਤਾਰ ਕੇ ਨੰਗੇ ਹੋ ਕੇ ਕਹੋ ਕਿ ਮੈਂ ਦੇਸ਼ ਤੇ ਕੌਮ ਨਾਲ ਧਰੋਹ ਕਮਾ ਕੇ ਮਾੜਾ ਕੰਮ ਕੀਤਾ ।

ਨੇਤਾ : ਮੈਂ ਨੰਗਾ ਹੋ ਜਾਨਾ, ਸਭੋ ਕੁਝ ਕਹਿ ਦੇਂਦਾ ਪਰ ਵਹਿਦਾ ਕਰੋ ਟੇਪ ਨਹੀਂ ਕਰੋਗੇ ਔਰ ਬਿਆਨ ਨਹੀਂ ਦਿਉਗੇ ।

ਹਾਜੀ : ਦੋਸ਼ੀ ਹੁਕਮ ਨਹੀਂ ਕਰਦੇ ਹੁੰਦੇ, ਰਹਿਮ ਲਈ ਅਪੀਲ ਕਰ ਸਕਦੇ ਨੇ ।

ਨੇਤਾ : ਹਾਂ ਹਾਂ ਮੈਂ ਅਪੀਲ ਕਰਦਾ ਹਾਂ ।

ਰਿਪੋਰਟਰ : ਫੇਰ ਖੋਲੋ ਕਪੜੇ, ਸੁਣੀ ਜਾਵੇਗੀ ।

ਨੇਤਾ : (ਕਪੜੇ ਉਤਾਰਦਾ ਹੋਇਆ) ਹੇ ਪਰਮਾਤਮਾ ! ਤੂੰ ਐਸੇ ਨਿਰਦਈ ਬੰਦੇ ਵੀ ਭੇਜੇ ਨੇ ਜਿਹੜੇ ਇਕ ਭਲੇ ਲੋਕ ਤੋਂ ਨੱਕ ਨਾਲ ਲਕੀਰਾਂ ਕਢਾ ਰਹੇ ਨੇ ।

ਰਿਪੋਰਟਰ : ਜੇ ਫਾਲਤੂ ਗੱਲ ਬੋਲੀ ਤਾਂ ਟੇਪ ਕਰ ਲਈ ਜਾਵੇਗੀ ।

ਨੇਤਾ : ਮੇਰੇ ਵਸ ਦੀ ਗੱਲ ਨਹੀਂ ਰਿਪੋਰਟਰ ਸਾਹਿਬ, ਬੋਲਣ ਦੀ ਆਦਤ ਪਈ ਹੋਈ ਹੈ । ਹੁਣ ਇਕ ਸ਼ਬਦ ਵੀ ਨਹੀਂ ਬੋਲਾਂਗਾ ।

ਰਿਪੋਰਟਰ : ਲੀਡਰਾਂ ਵਾਲੀ ਹੇਰਾ ਫੇਰੀ ਛਡੋ, ਸਿੱਧੀ ਤਰ੍ਹਾਂ ਆਖੋ ।

ਨੇਤਾ : ਕਹੇ ਬਿਨਾ ਤੁਸੀਂ ਜਮਦੂਤ ਕਿਥੇ ਛੱਡਣ ਲਗੇ ਹੋ । (ਹੱਥ ਜੋੜ ਕੇ ਅੱਖਾਂ ਬੰਦ ਕਰਕੇ) ਅੱਛਾ ਜੋ ਹੋਵੇਗੀ ਦੇਖੀ ਜਾਵੇਗੀ... "ਮੈਂ ਠੀਕ ਜਨਤਾ ਤੇ ਦੇਸ਼ ਨਾਲ ਅਨਗਹਿਲੀ ਵਿਚ ਧਰੋਹ ਕਮਾਂਦਾ ਰਿਹਾ, ਅਗੋਂ ਵਾਸਤੇ......',

ਰਿਪੋਰਟਰ : ਬਸ ਬਸ, ਕਾਫੀ ਹੈ, ਉਥੇ ਖੜੇ ਹੋ ਜਾਓ ਔਰ ਮੂੰਹ ਮੋਹਰੇ ਉਂਗਲ ਕਰ ਲਵੋ ।

ਨੇਤਾ : ਇਹੋ ਤਾਂ ਮੁਸੀਬਤ ਹੈ, ਅਸੀਂ ਲੋਕ ਬੋਲੇ ਬਿਨਾ ਰਹਿ ਨਹੀਂ ਸਕਦੇ ।

ਸੇਠ ਪਿਛਾਂਹ ਮੁੜ ਕੇ ਵੇਖਦਾ ਹੈ । ਦੋਵੇਂ ਇਕ ਦੂਜੇ ਨੂੰ ਪਛਾਣਦੇ ਹਨ ਅਤੇ ਚੋਰੀ ਚੋਰੀ ਇਕ ਦੂਜੇ ਨੂੰ ਵੇਖਦੇ ਹਨ ।

ਹਾਜੀ : (ਦਰੋਗੇ ਨੂੰ) ਇਹ ਗੁਸਤਾਖ ਕੌਣ ਹੈ, ਬਦੋ ਬਦੀ ਅੱਗੇ ਵਧੀ ਆ ਰਿਹਾ ?

ਦਰੋਗਾ : ਵਜ਼ੀਰ ਸਾਹਿਬ ਨੇ, ਸਗੋਂ ਸਾਨੂੰ ਵੀ ਧਮਕਾ ਰਹੇ ਨੇ ।

ਵਜ਼ੀਰ : ਹਾਜੀ ਸਾਹਿਬ, ਤੁਸੀਂ ਭੋਰਾ ਫਿਕਰ ਨਾ ਕਰੋ, ਤੁਹਾਡੀ ਰਹਾਈ ਦਾ ਬੰਦੋਬਸਤ ਹੋ ਰਿਹਾ, ਮੈਂ ਤੁਹਾਨੂੰ ਸੂਚਿਤ ਕਰਨ ਆਇਆਂ । ਮੁਖ ਮੰਤਰੀ ਨਾਲ ਸਾਰੀ ਹੀ ਗੱਲ ਕੀਤੀ ਹੈ । ਉਨ੍ਹਾਂ ਅਗੇ ਫੋਨ ਤੇ ਕੇਂਦਰੀ ਮੰਤਰੀ ਨਾਲ ਗੱਲ ਖੋਲ ਲਈ ਹੈ । ਤੁਸੀਂ ਪਾਰਟੀ ਦੀ ਬਹੁ-ਮੁੱਲੀ ਇਮਦਾਦ ਕੀਤੀ ਹੈ । ਇਸ ਵਾਸਤੇ ਚੰਦ ਦਿਨਾਂ ਬਾਅਦ ਤੁਹਾਨੂੰ ਬਾਇੱਜ਼ਤ ਰਿਹਾ ਕੀਤਾ ਜਾਵੇਗਾ ।

ਹਾਜੀ : ਵਜ਼ੀਰ ਸਾਹਿਬ, ਮੇਰੀ ਚਿੰਤਾ ਛੱਡੋ, ਅਪਨੀ ਕੁਰਸੀ ਦੀ ਫਿਕਰ ਕਰੋ । ਤੁਹਾਡਾ ਮੈਨੂੰ ਮਿਲਣਾ ਨਿਹਾਇਤ ਖਤਰਨਾਕ ਹੈ ।

ਵਜ਼ੀਰ : ਸਾਨੂੰ ਕਿਸੇ ਕਿਸਮ ਦਾ ਖੌਫ ਨਹੀਂ, ਪਾਰਟੀ ਦਾ ਮਾਮਲਾ ਹੈ । ਮੈਂ ਅਰਜ਼ ਕਰਨ ਆਇਆਂ, ਤੁਸੀਂ ਕੋਈ ਉਲਟ ਪੁਲਟ ਬਿਆਨ ਨਾ ਦੇ ਦੇਣਾ ।

ਹਾਜੀ : ਵਜ਼ੀਰ ਸਾਹਿਬ, ਮੇਰੀ ਕਿਆ ਮਜਾਲ ਇਕ ਲਫਜ਼ ਵੀ ਗਲਤ ਬੋਲਾਂ ।

ਵਜ਼ੀਰ : ਸ਼ਾਬਾਸ਼ ! ਬਹੁਤ ਬਰਖੁਰਦਾਰ ਹੈ ।

ਹਾਜੀ : ਮੈਂ ਅਸਲੀਅਤ ਦਾ ਇਜ਼ਹਾਰ ਜ਼ਰੂਰ ਕਰਾਂਗਾ ।

ਵਜ਼ੀਰ : ਮਗਰ ਮੇਰਾ ਨਾਮ ਹਰਗਿਜ਼ ਨਾ ਲੈਣਾ, ਵਰਨਾ ਸਖਤ ਗੜਬੜ ਹੋ ਜਾਵੇਗੀ ।

ਹਾਜੀ : ਵਜ਼ੀਰ ਸਾਹਿਬ, ਸਮਝ ਨਹੀਂ ਆਉਂਦੀ, ਤੁਸੀਂ ਕਿਸ ਤਰ੍ਹਾਂ ਬਚ ਸਕੋਗੇ । ਮੇਰੀ ਵਹੀ ਖਾਤਿਆਂ ਵਿਚ ਜਗਾ ਜਗਾ ਤੁਹਾਡਾ ਨਾਮ ਦਰਜ ਹੈ । ਚੈੱਕ ਨੰਬਰ ਵੀ ਨੋਟ ਕੀਤੇ ਹੋਏ ਨੇ । ਲੱਖਾਂ ਕਰੋੜਾਂ ਦਾ ਮਾਮਲਾ ਹੈ । ਜੇ ਤੁਸੀਂ ਮੈਥੋਂ ਉਗਰਾਹ ਕੇ ਪਾਰਟੀ ਨੂੰ ਪੁਚਾਂਦੇ



ਰਹੇ ਹੋ ਤੇ ਫੇਰ ਤੁਹਾਨੂੰ ਕਿਸ ਗੱਲ ਦਾ ਖਤਰਾ ਹੈ । ਵਹੀ ਖਾਤੇ ਅਗਲਿਆਂ ਕਾਬੂ ਕੀਤੇ ਹੋਏ ਨੇ ।

ਵਜ਼ੀਰ : ਹਾਜੀ ਸਾਹਿਬ, ਹੋਸ਼ ਨਾਲ ਗੱਲ ਕਰੋ । ਭੁਲ ਗਏ ਲਗਦੇ ਹੋ, ਤੁਸੀਂ ਕਿਸ ਨਾਲ ਗੱਲਾਂ ਕਰ ਰਹੇ ਹੋ । ਮੈਂ ਮੂੰਹ ਬੰਦ ਕਰਵਾ ਦਿਆਂਗਾ । ਅਸੀਂ ਆਰਡੀਨੈਂਸ ਰਾਹੀਂ ਕਚਹਿਰੀ ਦੇ ਦਰਵਾਜ਼ੇ ਵੀ ਬੰਦ ਕਰ ਦਿੱਤੇ ਨੇ ।

ਹਾਜੀ : ਪਰ ਵਜ਼ੀਰ ਸਾਹਿਬ, ਮੈਂ ਤਾਂ ਬਿਆਨ ਦੇ ਚੁੱਕਾ ਹਾਂ ।

ਵਜ਼ੀਰ : ਹੈਂ ! ਕਿਸ ਨੂੰ ? ਕਦੋਂ ?

ਹਾਜੀ : ਹੁਣੇ, ਆਹ ਖੜੇ ਨੇ ਪ੍ਰੈਸ ਰਿਪੋਰਟਰ ।

ਰਿਪੋਰਟਰ : ਵਜ਼ੀਰ ਸਾਹਿਬ ਤੁਹਾਡੀ ਸਾਰੀ ਡਾਇਆਲਾਗ ਰਿਕਾਰਡ ਕਰ ਲਈ ਹੈ, ਹਾਜੀ ਸਾਹਿਬ ਦੇ ਬਿਆਨ ਨਾਲ ਕਲ ਸ਼ਾਇਆ ਹੋ ਜਾਏਗੀ ।

ਵਜ਼ੀਰ : ਤੂੰ ਕੌਣ ਹੁੰਦਾ ਮੇਰੀ ਗਲਬਾਤ ਨੋਟ ਕਰਨ ਵਾਲਾ ।

ਰਿਪੋਰਟਰ : ਭਾਰਤ ਦੇ ਆਜ਼ਾਦ ਪ੍ਰੈਸ ਦਾ ਇਕ ਨੁਮਾਇੰਦਾ ।

ਵਜ਼ੀਰ : ਤੈਨੂੰ ਜਾਨ ਨਹੀਂ ਚਾਹੀਦੀ ।

ਰਿਪੋਰਟਰ : ਹੱਥੋਪਾਈ ਕਰੋਗੇ । ਦਰੋਗਾ ਸਾਹਿਬ, ਤੁਸੀਂ ਸਭ ਕੁਝ ਦੇਖ ਰਹੇ ਹੋ । ਕਲ ਨੂੰ ਤੁਹਾਨੂੰ ਚਸ਼ਮਦੀਦ ਗਵਾਹੀ ਦੇਣੀ ਪਵੇਗੀ । ਇਨ੍ਹਾਂ ਇਕ ਰਿਪੋਰਟਰ ਨੂੰ ਮਾਰਨ ਦੀ ਧਮਕੀ ਦਿੱਤੀ ਹੈ ।

ਵਜ਼ੀਰ : ਕੋਈ ਧਮਕੀ ਨਹੀਂ ਦਿੱਤੀ । (ਨਰਮ ਪੈਕੇ) ਰਿਪੋਰਟਰ ਸਾਹਿਬ ਮੁਆਫ਼ ਕਰੋ, ਐਵੇਂ ਗੱਲ ਨਾ ਵਧਾਉ, ਰਫਾ ਦਫਾ ਕਰੋ ਮਾਮਲਾ, ਜੋ ਸੇਵਾ ਕਹੋ ਕਰਨ ਨੂੰ ਤਿਆਰ ਹਾਂ ।

ਰਿਪੋਰਟਰ : (ਰੋਸ ਨਾਲ) ਮਿਹਰਬਾਨੀ ।

ਵਜ਼ੀਰ : ਹਾਜੀ ਸਾਹਿਬ, ਇਨ੍ਹਾਂ ਨੂੰ ਸਮਝਾਓ, ਮੇਰੀ ਵਜ਼ੀਰੀ ਖ਼ਤਮ ਹੋ ਜਾਵੇਗੀ, ਇਨ੍ਹਾਂ ਨੂੰ ਕੋਈ ਫ਼ਾਇਦਾ ਨਹੀਂ ਹੋਵੇਗਾ । ਮੈਂ ਤੁਹਾਡੀ ਠੋਸ ਮਦਦ ਕਰ ਸਕਦਾਂ ।

ਹਾਜੀ : ਮੈਂ ਤਾਂ ਅਪਨੀ ਜ਼ਮੀਰ ਤੋਂ ਭਾਰ ਲਾਹੁਣਾ ਸੀ ਸੋ ਲਾਹ ਦਿੱਤਾ ਹੈ ।

ਰਿਪੋਰਟਰ : ਮੈਂ ਵੀ ਇਕ ਦਿਆਨਤਦਾਰ ਰਿਪੋਰਟਰ ਦਾ ਫਰਜ਼ ਅਦਾ ਕੀਤਾ ਹੈ ।

ਵਜ਼ੀਰ : ਤੁਸੀਂ ਦੋਵੇਂ ਆਪੋ ਆਪਣੀ ਥਾਂ ਸੱਚੇ ਹੋ, ਮੈਨੂੰ ਵੀ ਕੋਈ ਬਚਾ ਦਾ ਰਾਹ ਦੱਸੋ।

ਹਾਜੀ : ਬੱਸ ਇਕੋ ਰਾਹ ਬਾਕੀ ਹੈ।

ਵਜ਼ੀਰ : ਉਹ ਕਿਹੜਾ ? ਛੇਤੀ ਫਰਮਾਓ।

ਹਾਜੀ : ਮੇਰੇ ਵਾਂਗ ਰੱਬ ਨੂੰ ਹਾਜ਼ਰ ਨਾਜ਼ਰ ਜਾਣ ਕੇ ਅਪਨਾ ਦੋਸ਼ ਮੰਨ ਲਓ।

ਵਜ਼ੀਰ : ਤੁਸੀਂ ਅੱਗੇ ਤਾਂ ਨਹੀਂ ਭੇਜੋਗੇ।

ਰਿਪੋਰਟਰ : ਮੇਰੇ ਤੇ ਯਕੀਨ ਕਰੋ। ਸਜ਼ਾ ਵਜੋਂ ਫੋਰਨ ਕਪੜੇ ਉਤਾਰੋ।

ਵਜ਼ੀਰ : ਕਿਉਂ ਮੈਨੂੰ ਜਲੀਲ ਕਰਨ ਲੱਗੇ ਹੋ। ਜਨਤਾ ਵਿਚ ਮੂੰਹ ਦਿਖਾਣ ਜੋਗਾ ਨਹੀਂ ਰਹਾਂਗਾ। ਪ੍ਰਧਾਨ ਮੰਤਰੀ ਬਹੁਤ ਸਖ਼ਤ ਹੈ। ਫੜ ਫੜਾਈ ਦੀ ਸਾਰੀ ਮੁਹਿੰਮ ਉਸ ਨੇ ਆਪਣੇ ਹੱਥ 'ਲਈ ਹੋਈ ਹੈ। ਮੇਰਾ ਸਾਰਾ ਪੁਲਿਟੀਕਲ ਕੈਰੀਅਰ ਤਬਾਹ ਹੋ ਜਾਵੇਗਾ।

ਹਾਜੀ : ਜੇ ਨਹੀਂ ਕਬੂਲ ਤਾਂ ਤੁਹਾਡੀ ਮਰਜ਼ੀ।

ਵਜ਼ੀਰ : ਜ਼ਰੂਰੀ ਮੈਨੂੰ ਨੰਗਾ ਕਰਕੇ ਛਡੋਗੇ।

ਹਾਜੀ : ਅਸੀਂ ਸਭ ਨੰਗੇ ਹੀ ਪੈਦਾ ਹੋਏ ਹਾਂ। ਨੰਗੇ ਦਾ ਮਤਲਬ ਹੈ ਅਸੀਂ ਕੋਈ ਗੱਲ ਨਹੀਂ ਛੁਪਾ ਰਹੇ।

ਰਿਪੋਰਟਰ : ਤੁਸੀਂ ਸਹੀ ਅਰਥਾਂ ਵਿਚ ਗੱਲ ਸਮਝੋ।

ਵਜ਼ੀਰ : (ਕਪੜੇ ਉਤਾਰਦਾ ਹੋਇਆ) ਕੀ ਕਹਾਣਾ ਚਾਹੁੰਦੇ ਹੋ। ਓਹ ਕੌਣ ਖੜੇ ਨੇ ? (ਰੁਕ ਜਾਂਦਾ ਹੈ)।

ਹਾਜੀ : ਤੁਹਾਡੇ ਹਮਪੇਸ਼ਾ ਸਮਾਜ ਦੇ ਥੰਮ੍ਹ। ਮੇਰੇ ਤੇਰੇ ਵਰਗੇ ਭਰਿਸ਼ਟ ਇਨਸਾਨ। ਜ਼ਲੀਲ ਭੱਦਰ ਪੁਰਸ਼ !

ਤਿੰਨੇ ਇਕ ਦੂਜੇ ਨੂੰ ਪਛਾਣਦੇ ਹਨ ਅਤੇ ਆਪੋ ਆਪਣਾ ਮੂੰਹ ਛੁਪਾਂਦੇ ਹਨ।

ਰਿਪੋਰਟਰ : ਇਹ ਕੌਣ ਆ ਰਹੇ ਨੇ ?

ਹਾਜੀ : ਸਰਕਾਰੀ ਅਫਸਰ ਮਲੂਮ ਹੁੰਦੇ ਨੇ।

ਜੇਲ੍ਹਰ, ਆਹਲਾ ਪੁਲੀਸ ਅਫਸਰ ਤੇ ਦੋ ਹੋਰ ਸਰਕਾਰੀ ਕਰਮਚਾਰੀ ਆਉਂਦੇ ਹਨ।

ਵਜ਼ੀਰ : ਇਹ ਕਿਥੇ ਆ ਟਪਕੇ !

ਹਾਜੀ : ਫਰਮਾਓ !

ਪੁਲੀਸ : ਸਾਨੂੰ ਸੈਂਟਰ ਤੋਂ ਹੁਕਮ ਹੋਇਆ ਕਿ ਇਨ੍ਹਾਂ ਨਾਜਾਇਜ਼ ਮੁਲਾਕਾਤੀਆਂ ਨੂੰ ਮੀਸਾ ਅਧੀਨ ਗ੍ਰਿਫਤਾਰ ਕੀਤਾ ਜਾਵੇ।

ਹਾਜੀ : ਜ਼ਰੂਰ ਕਰਨਾ, ਪਹਿਲਾਂ ਗੱਲ ਸੁਣ ਲਓ।

ਅਫਸਰ : ਚੁਪ ਰਹੁ ! ਤੂੰ ਕੌਣ ਹੁੰਦਾ ਦਖਲ ਦੇਣ ਵਾਲਾ।

ਹਾਜੀ : ਅੱਛਾ ਐਨੀ ਛੇਤੀ ਭੁਲ ਗਿਆ ਏਂ !

ਅਫਸਰ : ਬੋਲ ਕਿਆ ਕਹਿਣਾ ਚਾਹੁੰਦੇ।

ਹਾਜੀ : ਤੁਸੀਂ ਅਪਨੇ ਦਿਲ ਤੇ ਹੱਥ ਰੱਖ ਕੇ ਆਖੋ ਕਿ ਅਸੀਂ ਕਦੇ ਬੇਈਮਾਨੀ ਨਹੀਂ ਕੀਤੀ, ਕੋਈ ਭਰਿਸ਼ਟਾਚਾਰ ਨਹੀਂ ਕੀਤਾ।

ਅਫਸਰ : ਤੂੰ ਕੌਣ ਹੁੰਦਾ ਸਾਨੂੰ ਹੁਕਮ ਦੇਣ ਵਾਲਾ।

ਹਾਜੀ : ਵਕਤ ਆਏ ਤੇ ਦੱਸਾਂਗਾ।

ਅਫਸਰ : ਹੈਂ ! ਇਨ੍ਹਾਂ ਕਪੜੇ ਕਿਉਂ ਉਤਾਰੇ ਹੋਏ ਨੇ ?

ਹਾਜੀ : ਤਾਂ ਜੋ ਪਛਾਣੇ ਨਾ ਜਾ ਸਕਣ।

ਅਫਸਰ : ਇਨ੍ਹਾਂ ਨੂੰ ਗ੍ਰਿਫਤਾਰ ਕਰੋ। ਹੈਂ ! ਵਜ਼ੀਰ ਸਾਹਿਬ, ਤੁਸੀਂ ਕਿਥੇ ?

ਵਜ਼ੀਰ : ਏਸ ਖਬੀਸ ਨੇ ਮੇਰੀ ਸਾਰੀ ਮੁਲਾਕਾਤ ਟੇਪ ਕਰ ਲਈ ਹੈ।

ਅਫਸਰ : ਰਿਪੋਰਟਰ ਨੂੰ) ਸਾਰੀਆਂ ਚੀਜ਼ਾਂ ਸਾਡੇ ਹਵਾਲੇ ਕਰ ਦੇ।

ਡਾਇਰੀ, ਵਾਇਰਲੈਸ ਸੈਂਟ ਅਤੇ ਟੇਪ ਨੂੰ ਹੱਥ ਪਾਂਦਾ ਹੈ।

ਰਿਪੋਰਟਰ : ਕੋਈ ਫ਼ਾਇਦਾ ਨਹੀਂ ਹੋਵੇਗਾ। ਸਾਰੀ ਰਿਪੋਰਟਰ ਮੈਂ ਪ੍ਰੈਸ ਟ੍ਰਸਟ ਆਫ ਇੰਡੀਆ ਨੂੰ ਨਸ਼ਰ ਕਰ ਚੁੱਕਾ ਹਾਂ। ਉਹ ਸਵੇਰੇ ਸਭ ਅਖਬਾਰਾਂ ਵਿਚ ਛਪ ਜਾਵੇਗੀ ਔਰ ਕਲ ਇਕ ਕਾਪੀ ਲੋਕ ਸਭਾ ਵਿਚ ਪੇਸ਼ ਕੀਤੀ ਜਾਵੇਗੀ।

ਅਫਸਰ : ਤੁਸੀਂ ਕੌਣ ਹੋ ?

ਰਿਪੋਰਟਰ : ਲੋਕ ਸਭਾ ਦਾ ਮੈਂਬਰ ਅਹਿਮਦ ਸਲੀਮ !

ਵਜ਼ੀਰ : ਮਾਰੇ ਗਏ !

ਸੇਠ : ਦੋਹੀਂ ਜਹਾਨੀ ਮੂੰਹ ਕਾਲਾ।

ਨੇਤਾ : ਮੇਰਾ ਦਿਲ ਫੇਲ੍ਹ ਹੋ ਚਲਿਆ ! ਬਚਾਉ !!

ਪੁਲੀਸ ਅਫਸਰ ਸਮੇਤ ਸਾਰੇ ਹੈਰਾਨੀ ਨਾਲ ਮੂੰਹ ਅੱਡੀ ਬੁਤ ਬਣੀ ਖੜੇ ਰਹਿੰਦੇ ਹਨ।

(ਪਰਦਾ)